
Hansti Duniya (Punjabi)
Vol. 42 No. 06
June 2018
₹15/-
ਹਸਤੀ
ਦੁਨੀਆ

# ਹੱਸਦੀ ਦੁਨੀਆ


• Vol. 42 • ਅੰਕ : 06 • ਜੂਨ 2018 • Pages : 52

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

C.L. Gulati,
Member Incharge Magazine

Printer & Publisher Radhey Shyam, on behalf of Sant Nirankai Mandal, Delhi-9, printed at M.P. Printers, B-220, Phase-II, NOIDA - 201305 (UP) & published at Sant Nirankari Satsang Bhawan, Sant Nirankari Colony, Delhi-110009



*Chief Editor :*
*Harjeet Nishad*

*Editor (Honorary)*
Sulekh Singh 'Sathi'

Email: editorial@nirankari.org

Ph.: 011-47660200
Fax: 011-27608215

Website: http//www.nirankari.org
kids.nirankari.org


## Subscription Value

| | India/ Nepal | UK | Europe | USA | Canada/ Australia |
|---|---|---|---|---|---|
| Annual | Rs.150 | £15 | € 20 | $25 | $30 |
| 5 Years | Rs.700 | £70 | € 95 | $120 | $140 |

Other Countries
Equivalent to U.S. Dollars as mentioned above.

ਸਭ ਤੋਂ ਪਹਿਲਾਂ




## ਲਗਨ, ਮਿਹਨਤ ਅਤੇ ਈਮਾਨਦਾਰੀ







## ਸਤੰਭ


ਸਭ ਤੋਂ ਪਹਿਲਾਂ 04
ਵਿਗਿਆਨ ਪ੍ਰਸ਼ਨੋਤਰੀ 10
ਹਾਸਾ-ਖੇਡਾ 16
ਸਾਧਾਰਣ ਗਿਆਨ ਪ੍ਰਸ਼ਨੋਤਰੀ 19
ਕੀ ਤੁਸੀ ਜਾਣਦੇ ਹੋ? 27
ਰੰਗ ਭਰੋ ਪ੍ਰਤੀਯੋਗਿਤਾ 38
ਕਦੇ ਨਾ ਭੁੱਲੋ 42
ਬੁੱਧੀ ਦੀ ਪਰਖ 50




## ਚਿੱਤਰਕਥਾਵਾਂ


ਕਿੱਟੀ 20
ਦਾਦਾ ਜੀ 46

















## ਕਹਾਣੀਆਂ


ਸਾਜਿਸ਼
– ਰਾਜਿੰਦਰ ਆਜ਼ਾਦ 6
ਬਿਜੜਾ ਅਤੇ ਬਾਂਦਰ
– ਬਲਦੇਵ ਸਿੰਘ ਕੰਬੋ 12
ਕਦੇ ਹੰਕਾਰ ਨਹੀਂ ਕਰਨਾ
– ਡਾ. ਵਿਜੇ ਪ੍ਰਕਾਸ਼ 24
ਬੁੱਧੀਮਾਨ ਰਾਜਾ
– ਅਮਨਪ੍ਰੀਤ 28
ਮੈਂ ਪਾਇਲਟ ਬਣਾਂਗਾ
– ਡਾ. ਰਾਜੀਵ ਗੁਪਤਾ 32
ਗਲਤੀ ਦਾ ਅਹਿਸਾਸ
– ਵੀਰਪਾਲ ਕੌਰ 40
ਪ੍ਰੇਰਨਾ
– ਪੁਸ਼ਕਰ 43



## ਗੀਤ-ਕਵਿਤਾਵਾਂ


ਮਾਤਾ-ਪਿਤਾ ਦੀ ਸੇਵਾ
– ਕਮਲ ਸਿੰਘ ਚੌਹਾਨ 5
ਕਾਲਰ ਵਾਲੀ ਪੱਖੀ
– ਅਸ਼ੋਕ ਬ੍ਰਾਹਮਣਮਾਜਰਾ 11
ਹਾਸਾ ਦਿੰਦਾ ਹੈ ਤੰਦਰੁਸਤੀ
– ਬਲਵਿੰਦਰ ਬਾਲਮ 18
ਸੁਣ ਭਾਈ ! ਸੁਣ
– ਭਾਨੂਦਤ 26
ਵਰਖਾ
– ਹਰਿੰਦਰ ਗੋਗਨਾ 30
ਨਿੱਕਾ ਪੱਪੀ
– ਤਿਲਕਰਾਜ ਰਾਜੂ 34
ਬੱਚੇ
– ਜਸਵਿੰਦਰ ਸ਼ਾਇਰ 36
ਫਰੂਟ-ਚਾਟ
– ਮਦਨ-ਰਾਣਾ 44


## ਵਿਸ਼ੇਸ਼ ਲੇਖ


ਕਿਉਂ ਹਮੇਸ਼ਾ ਧੜਕਦਾ... ਦਿਲ
– ਅਸ਼ੋਕ ਭਾਰਦਵਾਜ 9
ਸਾਈਕਲ ਦੀ ਸਵਾਰੀ
– ਪ੍ਰੋ.ਪ੍ਰੇਮਪ੍ਰਕਾਸ਼ 15
ਸ਼ਹਿਦ ਬਣਾਉਣ ਦੀ ਪ੍ਰਕ੍ਰਿਆ
– ਨੀਲਮ ਗੁਪਤਾ 31
ਵਾਇਲਿਨ ਦੀ ਖੋਜ
– ਦੀਦੀ ਨੈਨਤਾਰਾ 35
ਰਹੱਸਮਈ ਆਕਾਸ਼ਗੰਗਾ ...
– ਡਾ.ਬਾਨੋ ਸਰਤਾਜ 39
ਰਾਕੇਟ ਵਿਗਿਆਨਿਕ ...
– ਡਾ.ਕੇ.ਪੀ.ਸਿੰਘ 45

# ਲਗਨ, ਮਿਹਨਤ ਅਤੇ ਈਮਾਨਦਾਰੀ



ਪਿਆਰੇ ਬੱਚਿਓ ! ਖੁਸ਼ ਤਾਂ ਬਹੁਤ ਹੋਵੋਗੇ ਤੁਸੀ! ਗਰਮੀਆਂ ਦੀਆਂ ਛੁੱਟੀਆਂ ਦਾ ਅਨੰਦ ਜੋ ਲੈ ਰਹੇ ਹੋ ! ਕੁਝ ਬੱਚੇ ਤਾਂ ਇੰਨ੍ਹੀਂ ਦਿਨੀਂ ਕਿਧਰੇ ਨਾ ਕਿਧਰੇ ਪਹਾੜੀ ਥਾਵਾਂ ਤੇ ਛੁੱਟੀਆਂ ਬਿਤਾਉਣ ਲਈ ਗਏ ਹੋਣਗੇ ਅਤੇ ਕੁਝ ਅਜੇ ਜਾਣ ਦੀ ਤਿਆਰੀ ਕਰ ਰਹੇ ਹੋਣਗੇ। ਸਾਲ ਮਗਰੋਂ ਤਾਂ ਆਉਂਦੀਆਂ ਹਨ ਇਹ ਛੁੱਟੀਆਂ ਜਦੋਂ ਪੂਰਾ ਪਰਿਵਾਰ ਇਕੱਠਾ ਹੋ ਕੇ ਨਿਕਲਦਾ ਹੈ ਸੈਰ-ਸਪਾਟੇ ਲਈ।

ਬੱਚਿਓ ! ਪਿਛਲੇ ਮਹੀਨੇ ਤਾਂ ਆਈ.ਪੀ.ਐਲ. ਦੀ ਵੀ ਖੂਬ ਰੌਣਕ ਰਹੀ। ਕ੍ਰਿਕੇਟ ਵਿਚ ਰੁਚੀ ਰੱਖਣ ਵਾਲੇ ਬੱਚੇ ਤਾਂ ਬਹੁਤ ਹੀ ਖੁਸ਼ ਹੋਏ ਹੋਣਗੇ ਇਨ੍ਹਾਂ ਮੈਚਾਂ ਨੂੰ ਵੇਖ ਕੇ। ਕਦੇ ਕੋਈ ਟੀਮ ਉਪਰ ਤਾਂ ਕਦੇ ਹੇਠਾਂ, ਕਦੇ ਜਿੱਤ ਤੇ ਕਦੇ ਹਾਰ। ਕਈ ਵਾਰ ਤਾਂ ਜਿੱਤਣ ਦੀ ਪੂਰੀ ਉਮੀਦ ਹੋਣ ਦੇ ਬਾਵਜੂਦ ਵੀ ਹਾਰ ਹਿੱਸੇ ਵਿਚ ਆ ਗਈ ਅਤੇ ਕਦੇ ਹਾਰਦੇ-ਹਾਰਦੇ ਜਿੱਤ ਹਾਸਿਲ ਹੋ ਗਈ। ਕਿੰਨੀ ਹੈਰਾਨਗੀ ਹੁੰਦੀ ਹੈ ਅਜਿਹੇ ਹਾਲਾਤ ਵੇਖ ਕੇ, ਪਰ ਹਰ ਹਾਲ ਵਿਚ ਜਿੱਤ ਖੇਡ ਭਾਵਨਾ ਦੀ ਹੀ ਹੁੰਦੀ ਹੈ।

ਬੱਚਿਓ ! ਇਕ ਗੱਲ ਤਾਂ ਮੰਨਣ ਵਾਲੀ ਹੈ ਕਿ ਹਾਰ ਮਿਲੇ ਜਾਂ ਜਿੱਤ, ਦੋਵੇਂ ਟੀਮਾਂ ਉਸਨੂੰ ਹੱਸ ਕੇ ਸਵੀਕਾਰਦੀਆਂ ਹਨ ਅਤੇ ਅਗਲੇ ਮੈਚ ਵਿਚ ਫਿਰ ਜਿੱਤ ਹਾਸਿਲ ਕਰਨ ਦੀ ਉਮੀਦ ਨਾਲ ਜੁਟ ਜਾਂਦੀਆਂ ਹਨ ਮਿਹਨਤ ਕਰਨ ਲਈ। ਕਿਸੇ ਇਕ ਮੈਚ ਵਿਚ ਮਿਲੀ ਹਾਰ ਕਦੇ ਵੀ ਉਨ੍ਹਾਂ ਦੇ ਅੱਗੇ ਵੱਧਣ ਜਾਂ ਸਫਲਤਾ ਹਾਸਿਲ ਕਰਨ ਦੇ ਰਸਤੇ ਵਿਚ ਰੁਕਾਵਟ ਨਹੀਂ ਬਣਦੀ। ਠੀਕ ਇਸੇ ਤਰ੍ਹਾਂ ਸਾਡੀ ਜ਼ਿੰਦਗੀ ਵੀ ਆਸ਼ਾ ਅਤੇ ਨਿਰਾਸ਼ਾ ਦਾ ਸੁਮੇਲ ਹੈ। ਕਦੇ ਕੋਈ ਪ੍ਰਾਪਤੀ ਹੋ ਜਾਂਦੀ ਹੈ ਅਤੇ ਕਦੇ ਉਮੀਦ ਅਨੁਸਾਰ ਸਫਲਤਾ ਨਹੀਂ ਮਿਲਦੀ। ਜੇਕਰ ਪ੍ਰਾਪਤੀ ਹੋ ਗਈ ਤਾਂ ਅਸੀਂ ਬਹੁਤ ਖੁਸ਼ ਹੋ ਜਾਂਦੇ ਹਾਂ ਅਤੇ ਸਫਲਤਾ ਨਾ ਮਿਲੀ ਤਾਂ ਨਿਰਾਸ਼। ਅਜਿਹਾ ਠੀਕ ਨਹੀਂ। ਅਸਫਲ ਹੋਣ ਦੀ ਹਾਲਤ ਵਿਚ ਸਾਨੂੰ ਵਿਚਾਰਨਾ ਚਾਹੀਦਾ ਹੈ ਕਿ ਕਮੀ ਕਿਥੇ ਰਹੀ, ਗਲਤੀ ਕਿਥੇ ਹੋਈ ਅਤੇ ਮੁੜ ਉਸਨੂੰ ਜੀਵਨ ਵਿਚ ਨਾ ਦੁਹਰਾਉਣ ਦਾ ਸੰਕਲਪ ਲੈਣਾ ਚਾਹੀਦਾ ਹੈ ਅਤੇ ਜੇਕਰ ਸਫਲਤਾ ਹਾਸਿਲ ਹੋਈ ਹੈ ਤਾਂ ਉਸ ਮੁਕਾਮ ਨੂੰ ਬਣਾਈ ਰੱਖਣ ਦੇ ਜਤਨ ਤੇ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਜੋ ਭਵਿੱਖ ਵਿਚ ਵੀ ਅਜਿਹੀਆਂ ਹੋਰ ਸਫਲਤਾਵਾਂ ਸਾਨੂੰ ਮਿਲਦੀਆਂ ਰਹਿਣ।

ਸੋ ਪਿਆਰੇ ਬੱਚਿਓ ! ਹਰ ਹਾਲਾਤ ਦਾ ਸਾਹਮਣਾ ਪੂਰੀ ਲਗਨ ਅਤੇ ਮਿਹਨਤ ਨਾਲ ਕਰਦੇ ਰਹਿਣ ਵਿਚ ਹੀ ਸਾਡੀ ਸਫਲਤਾ ਛੁਪੀ ਹੁੰਦੀ ਹੈ। ਕਿਸੇ ਵੀ ਹਾਲਾਤ ਵਿਚ ਆਪਣੇ ਆਪ ਨੂੰ ਨਿਰਾਸ਼ਾ ਵੱਲ ਲੈ ਕੇ ਜਾਣ ਦੀ ਲੋੜ ਨਹੀਂ। ਲਗਨ, ਮਿਹਨਤ ਅਤੇ ਈਮਾਨਦਾਰੀ ਵਾਲਿਆਂ ਦਾ ਰੱਬ ਵੀ ਸਹਾਈ ਹੁੰਦਾ ਹੈ ਅਤੇ ਉਨ੍ਹਾਂ ਨੂੰ ਜੀਵਨ ਵਿਚ ਉਤਰਾਈਆਂ-ਚੜਾਈਆਂ ਹੋਣ ਦੇ ਬਾਵਜੂਦ ਵੀ ਜਿੱਤ ਹੀ ਹਾਸਿਲ ਹੁੰਦੀ ਹੈ।

ਸੁਲੇਖ 'ਸਾਥੀ'
ssathi_2007@yahoo.com

❖ ਕਮਲ ਸਿੰਘ ਚੌਹਾਨ

# ਮਾਤਾ-ਪਿਤਾ ਦੀ ਸੇਵਾ



ਫੁੱਲਾਂ ਵਾਂਗੂੰ ਖਿੜਦੇ ਜਾਉ,
ਨਦੀਆਂ ਵਾਂਗੂੰ ਵਹਿੰਦੇ ਜਾਉ।
ਰਾਮ, ਕ੍ਰਿਸ਼ਣ, ਗੌਤਮ ਦੀ ਧਰਤੀ,
ਪਾਣੀ ਵਾਂਗੂੰ ਮਿਲਦੇ ਜਾਉ।

ਮਾਤਾ-ਪਿਤਾ ਦੀ ਕਰ ਲਉ ਸੇਵਾ,
ਗੁਰੂ ਭਗਤੀ ਤੋਂ ਪਾ ਲਉ ਮੇਵਾ।
ਯੁਗਪੁਰਸ਼ਾਂ ਵਾਂਗ ਤਿਆਗ ਕਰੋ,
ਕਰੋ ਕਰਮ ਵਾਂਗ ਪ੍ਰਤਾਪ ਸ਼ਿਵਾ।

ਪੌਦਿਆਂ ਵਾਂਗੂੰ ਵਧਣਾ ਸਿਖੋ,
ਹਰ ਮੁਸ਼ਕਿਲ ਵਿਚ ਚਲਣਾ ਸਿਖੋ।
ਕੰਡਿਆਂ ਤੋਂ ਘਬਰਾਉ ਨਾ,
ਫੁੱਲਾਂ ਵਾਂਗ ਮਹਿਕਣਾ ਸਿਖੋ।

ਮਧੁਮੱਖੀ ਵਾਂਗੂੰ ਮਿਲਣਾ ਸਿਖੋ
ਚਾਲ ਸ਼ੇਰ ਦੀ ਚਲਣਾ ਸਿਖੋ।
ਕੋਇਲ ਵਾਂਗੂੰ ਮਿੱਠੀ ਬੋਲੀ ਬੋਲੋ,
ਭਾਰਤ ਮਾਂ ਦੀ ਜੈ ਕਹਿਣਾ ਸਿਖੋ।

ਬਾਲ ਕਹਾਣੀ : ਰਾਜਿੰਦਰ 'ਆਜ਼ਾਦ'

# ਸਾਜਿਸ਼

ਚੰਪਕਵਨ ਵਿੱਚ ਸਦੀਆਂ ਤੋਂ ਅਮਨ-ਚੈਨ ਕਾਇਮ ਸੀ। ਇਥੋਂ ਦੇ ਸਾਰੇ ਜਾਨਵਰ ਆਪਸ ਵਿੱਚ ਭਾਈਚਾਰੇ ਨਾਲ ਰਹਿੰਦੇ ਸਨ। ਲੇਕਿਨ ਪਿਛਲੇ ਕੁਝ ਦਿਨਾਂ ਤੋਂ ਚੰਪਕਵਨ ਜਾਤੀ-ਹਿੰਸਾ ਦੀ ਅੱਗ ਵਿੱਚ ਸੜ ਉਠਿਆ।

ਚੰਪਕਵਨ ਵਿੱਚ ਰਹਿਣ ਵਾਲੇ ਲੰਗੂਰਾਂ ਅਤੇ ਬਾਂਦਰਾਂ ਵਿੱਚ ਪਿਛਲੇ ਕੁਝ ਸਾਲਾਂ ਤੋਂ ਛੋਟੀਆਂ-ਛੋਟੀਆਂ ਗੱਲਾਂ ਨੂੰ ਲੈ ਕੇ ਆਪਸੀ ਲੜਾਈ-ਝਗੜਾ ਹੋਣਾ ਸ਼ੁਰੂ ਹੋ ਗਿਆ ਜੋ ਵਧਦਾ-ਵਧਦਾ ਜਾਤੀ ਸੰਘਰਸ਼ ਵਿੱਚ ਬਦਲ ਗਿਆ।

ਚੰਪਕਵਨ ਦਾ ਰਾਜਾ ਬਹਾਦਰ ਸਿੰਘ ਰਾਜ ਵਿੱਚ ਸ਼ਾਂਤੀ ਕਾਇਮ ਕਰਨ ਦੇ ਸਾਰੇ ਯਤਨ ਕਰ ਚੁੱਕਾ ਸੀ ਪਰ ਵਨ ਵਿੱਚ ਸ਼ਾਂਤੀ ਸਥਾਪਿਤ ਨਹੀਂ ਸੀ ਹੋ ਸਕੀ। ਚੰਪਕਵਨ ਦੇ ਰਾਜਾ ਨੇ ਆਪਣੇ ਪ੍ਰਧਾਨਮੰਤਰੀ ਦੀਨੂ ਹਾਥੀ ਅਤੇ ਪੁਲਿਸ ਦੇ ਆਲਾ ਅਫਸਰ ਵੀਰੂ ਚੀਤੇ ਨੂੰ ਹਿਦਾਇਤ ਦਿੱਤੀ ਕਿ ਕਿਸੇ ਵੀ ਸੂਰਤ ਵਿੱਚ ਚੰਪਕਵਨ ਵਿੱਚ ਸ਼ਾਂਤੀ ਸਥਾਪਿਤ ਹੋਣੀ ਚਾਹੀਦੀ ਹੈ।


ਚੰਪਕਵਨ ਵਿੱਚ ਇਹਨਾਂ ਲੋਕਾਂ ਨੇ ਸ਼ਾਂਤੀ ਕਮੇਟੀਆਂ ਦੀ ਸਥਾਪਨਾ ਕਰਕੇ ਜਾਤੀ-ਹਿੰਸਾ ਰੋਕਣ ਦਾ ਯਤਨ ਕੀਤਾ ਲੇਕਿਨ ਉਹ ਸਫਲ ਨਾ ਹੋ ਸਕੇ। ਇਸ ਹਿੰਸਾ ਵਿੱਚ ਅਨੇਕ ਲੰਗੂਰ ਅਤੇ ਬਾਂਦਰ ਮੌਤ ਦੇ ਮੂੰਹ ਵਿੱਚ ਜਾ ਪਏ। ਚੰਪਕਵਨ ਵਿੱਚ ਰਹਿਣ ਵਾਲੇ ਬਾਕੀ ਜਾਨਵਰ ਜੰਗਲ ਛੱਡ ਕੇ ਜਾਣ ਲੱਗੇ ਤਾਂ ਰਾਜਾ ਬਹਾਦਰ ਸਿੰਘ ਨੇ ਉਹਨਾਂ ਨੂੰ ਕਿਹਾ ਕਿ - ਆਪ ਇਥੇ ਹੀ ਰਹਿ ਕੇ ਮੇਰਾ ਸਾਥ ਦਿਓ। ਜੰਗਲ ਵਿੱਚ ਜ਼ਰੂਰ ਸ਼ਾਂਤੀ ਕਾਇਮ ਹੋਵੇਗੀ। ਸਾਡੀ ਕੋਸ਼ਿਸ਼ ਹੈ ਕਿ ਜੰਗਲ ਦੇ ਸਾਰੇ ਪ੍ਰਾਣੀਆਂ ਦੀ ਰੱਖਿਆ ਹੋਵੇ। ਆਪ ਅਫਵਾਹਾਂ ਤੇ ਧਿਆਨ ਨਹੀਂ ਦਿਓ। ਇਹ ਕਿਸੇ ਦੀ ਸਾਜਿਸ਼ ਹੈ ਜੋ ਸਾਨੂੰ ਨਿਰਾਸ਼ ਕਰਨ ਲਈ ਦੋਹਾਂ ਜਾਤੀਆਂ ਨੂੰ ਆਪਸ ਵਿੱਚ ਲੜਾ ਦਿੱਤਾ ਗਿਆ ਹੈ। ਲੇਕਿਨ ਮੈਂ ਆਪ ਨਾਲ ਵਾਅਦਾ ਕਰਦਾ ਹਾਂ ਕਿ ਮੈਂ ਛੇਤੀ ਹੀ ਆਪਣੇ ਇਸ ਸਵਰਗ ਵਰਗੇ ਜੰਗਲ ਵਿੱਚ ਫਿਰ ਸ਼ਾਂਤੀ ਸਥਾਪਿਤ ਕਰਕੇ ਰਹਾਂਗਾ।

ਆਪਣੇ ਰਾਜਾ ਦੀਆਂ ਗੱਲਾਂ ਸੁਣ ਕੇ ਬਾਕੀ ਜਾਨਵਰਾਂ ਨੇ ਚੰਪਕਵਨ ਛੱਡਣ ਦਾ ਫੈਸਲਾ ਤਿਆਗ ਦਿੱਤਾ।

ਚੰਪਕਵਨ ਵਿੱਚ ਭੜਕੀ ਜਾਤੀ-ਹਿੰਸਾ ਨੂੰ ਮੋਨੂੰ ਲੰਗੂਰ ਅਤੇ ਚੀਨੂ ਬਾਂਦਰ ਆਪਣੇ ਜਹਿਰੀਲੇ ਭਾਸ਼ਣਾਂ ਨਾਲ ਹੋਰ ਜ਼ਿਆਦਾ ਭੜਕਾ ਰਹੇ ਸਨ। ਬਾਂਦਰਾਂ ਅਤੇ ਲੰਗੂਰਾਂ ਦੀ ਆਪਸੀ ਲੜਾਈ ਦਾ ਫਾਇਦਾ ਉਠਾ ਕੇ ਕੁਝ ਅਸਮਾਜਿਕ ਤੱਤਾਂ ਨੇ ਚੰਪਕਵਨ ਦੇ ਦੁਕਾਨਦਾਰਾਂ ਨੂੰ ਲੁੱਟਣਾ ਸ਼ੁਰੂ ਕਰ ਦਿਤਾ। ਲੁੱਟ ਦੇ ਡਰ ਨਾਲ ਬਾਜ਼ਾਰ ਬੰਦ ਹੋ ਗਿਆ। ਜੰਗਲ ਵਿੱਚ ਅਰਾਜਕਤਾ ਦਾ ਮਾਹੌਲ ਬਣ ਗਿਆ।

ਇਕ ਦਿਨ ਕਾਲੂ ਕਾਂ ਨੇ ਆਪਣੇ ਰਾਜਾ ਨੂੰ ਦੱਸਿਆ ਕਿ ਇਸ ਜੰਗਲ ਵਿੱਚ ਅੱਗ ਭਰਤ ਲੂੰਮੜ





ਪ੍ਰਧਾਨਮੰਤਰੀ ਦੀਨੂ ਹਾਥੀ ਇਹ ਸੁਣ ਕੇ ਹੈਰਾਨ ਹੋਇਆ ਅਤੇ ਬੋਲਿਆ - ਅਸੀਂ ਤੇਰੇ ਤੇ ਵਿਸ਼ਵਾਸ਼ ਕਿਵੇਂ ਕਰੀਏ ਕਿ ਤੂੰ ਸੱਚ ਬੋਲ ਰਿਹਾ ਹੈ। ਹੋ ਸਕਦਾ ਹੈ ਕਿ ਤੂੰ ਸਾਨੂੰ ਵਰਗਲਾ ਰਿਹਾ ਹੋਵੇਂ।

ਕਾਲੂ ਬੋਲਿਆ - ਆਪ ਠੀਕ ਕਹਿ ਰਹੇ ਹੋ ਮਹਾਰਾਜ ! ਪਰ ਮੈਂ ਝੂਠ ਨਹੀਂ ਬੋਲ ਰਿਹਾ। ਮੈਂ ਆਪ ਨੂੰ ਅਪਣੇ ਮੋਬਾਇਲ ਵਿੱਚ ਬੰਦ ਕੁਝ ਵੀਡੀਓ ਕਲਿਪ ਦਿਖਾਵਾਂਗਾ ਜਿਸ ਨੂੰ ਵੇਖ ਕੇ ਆਪ ਖੁਦ ਹੀ ਮੇਰੇ ਤੇ ਵਿਸ਼ਵਾਸ਼ ਕਰੋਗੇ।

ਨੇ ਲਗਾਈ ਹੈ। ਉਸੇ ਨੇ ਮੋਨੂੰ ਲੰਗੂਰ ਅਤੇ ਚੀਨੂ ਬਾਂਦਰ ਨੂੰ ਰੁਪਈਆਂ ਦਾ ਲਾਲਚ ਦੇ ਕੇ ਲੰਗੂਰਾਂ ਅਤੇ ਬਾਂਦਰਾਂ ਵਿਚਕਾਰ ਲੜਾਈ ਕਰਵਾਈ ਹੈ ਜੋ ਹੁਣ ਜਾਤੀ-ਹਿੰਸਾ ਵਿੱਚ ਬਦਲ ਗਈ ਹੈ।

ਰਾਜਾ ਬਹਾਦਰ ਸਿੰਘ ਬੋਲਿਆ - ਤੈਨੂੰ ਕਿਵੇਂ ਪਤਾ?

ਕਾਲੂ ਕਾਂ ਬੋਲਿਆ- ਮਹਾਰਾਜ ਮੈਂ ਵੀ ਇਸ ਜੰਗਲ ਵਿੱਚ ਰਹਿੰਦਾ ਹਾਂ ਅਤੇ ਆਪਦੀ ਪ੍ਰਜਾ ਹਾਂ। ਜੰਗਲ ਵਿੱਚ ਫੈਲੀ ਅਰਾਜਕਤਾ ਕਿਵੇਂ ਸਹਿਣ ਕਰ ਸਕਦਾ ਹਾਂ। ਇਸ ਲਈ ਮੈਂ ਮੋਨੂੰ ਅਤੇ ਚੀਨੂ ਦੀਆਂ ਹਰਕਤਾਂ ਤੇ ਨਜ਼ਰ ਰੱਖਣੀ ਸ਼ੁਰੂ ਕੀਤੀ ਤਾਂ ਇਕ ਦਿਨ ਰਾਤ ਦੇ ਹਨੇਰੇ ਵਿੱਚ ਮੈਂ ਉਹਨਾਂ ਦੋਹਾਂ ਨੂੰ ਪਹਾੜੀ ਵੱਲ ਜਾਂਦੇ ਵੇਖਿਆ। ਮੈਨੂੰ ਸ਼ੱਕ ਹੋਇਆ ਕਿ ਇਕ-ਦੂਸਰੇ ਦੇ ਪ੍ਰਤੀ ਜ਼ਹਿਰ ਉਗਾਲਣ ਵਾਲੇ ਇੱਕਠੇ ਜਾ ਰਹੇ ਹਨ। ਮੈਂ ਵੀ ਉਹਨਾਂ ਦੇ ਪਿੱਛੇ-ਪਿੱਛੇ ਚਲ ਪਿਆ। ਉਹ ਦੋਵੇਂ ਪਹਾੜੀ ਤੇ ਜਾ ਕੇ ਇਕ ਗੁਫਾ ਵਿੱਚ ਪ੍ਰਵੇਸ਼ ਕਰ ਗਏ। ਉਥੇ ਭਰਤ ਲੂੰਮੜ ਅਤੇ ਉਸਦੇ ਕੁਝ ਸਾਥੀ ਪਹਿਲਾਂ ਤੋਂ ਹੀ ਉਡੀਕ ਕਰ ਰਹੇ ਸਨ। ਉਹਨਾਂ ਦੇ ਗੁਫਾ ਵਿੱਚ ਪ੍ਰਵੇਸ਼ ਕਰਦੇ ਹੀ ਭਰਤ ਲੂੰਮੜ ਨੇ ਗਲੇ ਲਗਾ ਲਿਆ ਅਤੇ ਕਿਹਾ ਕਿ ਤੁਸੀਂ ਚੰਪਕਵਨ ਵਿੱਚ ਜੋ ਹਿੰਸਾ ਫੈਲਾਈ ਹੈ ਉਸ ਤੋਂ ਮੈਂ ਬਹੁਤ ਖੁਸ਼ ਹਾਂ।

ਐਨਾ ਕਹਿ ਕੇ ਉਸਨੇ ਮੋਬਾਇਲ ਦੇ ਵੀਡਿਓ ਕਲਿਪ ਰਾਜਾ ਬਹਾਦਰ ਸਿੰਘ ਅਤੇ ਪ੍ਰਧਾਨਮੰਤਰੀ ਦੀਨੂ ਹਾਥੀ ਨੂੰ ਵਿਖਾਏ। ਉਹ ਦੋਵੇਂ ਵੀਡਿਓ ਕਲਿਪ ਵੇਖ ਕੇ ਦੰਗ ਰਹਿ ਗਏ।


ਉਹਨਾਂ ਨੇ ਵੇਖਿਆ ਕਿ ਗੁਫਾ ਵਿੱਚ ਬਾਂਦਰ ਜਾਤੀ ਦਾ ਮੁਖੀਆ ਚੀਨੂ ਅਤੇ ਲੰਗੂਰ ਜਾਤੀ ਦਾ ਮੁਖੀਆ ਮੋਨੂੰ ਭਰਤ ਲੂੰਮੜ ਦੇ ਨਾਲ ਚੰਪਕਵਨ ਨੂੰ ਬਰਬਾਦ ਕਰਨ ਦੀ ਸਾਜਿਸ਼ ਰਚ ਰਹੇ ਹਨ।

ਰਾਜਾ ਬਹਾਦਰ ਸਿੰਘ ਖੁਸ਼ ਹੋ ਕੇ ਬੋਲਿਆ - ਸ਼ਾਬਾਸ਼ ! ਕਾਲੂ ਤੂੰ ਇਕ ਚੰਗੇ ਨਾਗਰਿਕ ਦਾ ਫਰਜ਼ ਨਿਭਾਇਆ ਹੈ।

ਕਾਲੂ ਕਾਂ ਬੋਲਿਆ - ਮਹਾਰਾਜ ! ਇਹ ਤਾਂ ਮੇਰਾ ਧਰਮ ਸੀ।

ਰਾਜਾ ਬਹਾਦਰ ਸਿੰਘ ਨੇ ਪ੍ਰਧਾਨ ਮੰਤਰੀ ਦੀਨੂ ਹਾਥੀ ਅਤੇ ਪੁਲਿਸ ਦੇ ਅਧਿਕਾਰੀਆਂ ਦੇ ਨਾਲ ਬੈਠ ਕੇ ਸਲਾਹ ਕੀਤੀ ਅਤੇ ਵੀਰੂ ਚੀਤੇ ਦੀ ਅਗਵਾਈ ਹੇਠ ਭਰਤ ਲੂੰਮੜ ਦੀ ਗੁਫਾ ਤੇ ਪੁਲਿਸ ਕਾਰਵਾਈ ਕਰਨ ਦਾ ਆਦੇਸ਼ ਦਿੱਤਾ।

ਵੀਰੂ ਚੀਤੇ ਨੇ ਆਪਣੇ ਸਿਪਾਹੀਆਂ ਦੇ ਨਾਲ ਗੁਫਾ ਨੂੰ ਚਾਰੇ ਪਾਸਿਉਂ ਘੇਰ ਲਿਆ ਅਤੇ ਸਾਰਿਆਂ ਨੂੰ ਗ੍ਰਿਫਤਾਰ ਕਰਕੇ ਰਾਜਾ ਬਹਾਦਰ ਸਿੰਘ ਦੇ ਦਰਬਾਰ ਵਿੱਚ ਪੇਸ਼ ਕੀਤਾ ਗਿਆ। ਉਹਨਾਂ ਤੇ



ਚੰਪਕਵਨ ਦੇ ਕਾਨੂੰਨ ਦੀਆਂ ਵਿਭਿੰਨ ਧਾਰਾਵਾਂ ਦੇ ਤਹਿਤ ਦੇਸ਼-ਧਰੋਹ ਦਾ ਮੁਕਦਮਾ ਚਲਾਇਆ ਗਿਆ।

ਨਿਆਂਪ੍ਰਿਯ ਰਾਜਾ ਨੇ ਤਿੰਨਾਂ ਨੂੰ ਉਮਰਭਰ ਕੈਦ ਵਿੱਚ ਰਹਿਣ ਦੀ ਸਜਾ ਸੁਣਾਈ ਤਾਂ ਚੰਪਕਵਨ ਦੀ ਪ੍ਰਜਾ ਭੜਕ ਉਠੀ। ਉਹਨਾਂ ਦੀ ਮੰਗ ਸੀ ਕਿ ਇਹਨਾਂ ਦੇਸ਼-ਧਰੋਹੀਆਂ ਨੂੰ ਫਾਂਸੀ ਦੀ ਸਜਾ ਦਿੱਤੀ ਜਾਏ।

ਰਾਜਾ ਬਹਾਦਰ ਸਿੰਘ ਨੇ ਪ੍ਰਜਾ ਨੂੰ ਸੰਬੋਧਿਤ ਕਰਦੇ ਹੋਏ ਕਿਹਾ – ਮੈਂ ਤੁਹਾਡੀਆਂ ਭਾਵਨਾਵਾਂ ਦੀ ਕਦਰ ਕਰਦਾ ਹਾਂ। ਇਹਨਾਂ ਦਾ ਗੁਨਾਹ ਮਾਫੀ ਯੋਗ ਨਹੀਂ ਹੈ। ਫਾਂਸੀ ਦੀ ਸਜਾ ਨਾਲ ਇਹ ਲੋਕ ਇਕ ਝਟਕੇ ਵਿੱਚ ਮਰ ਜਾਣਗੇ ਲੇਕਿਨ ਉਮਰ ਕੈਦ ਨਾਲ ਇਹ ਜੀਵਨਭਰ ਕੈਦ ਵਿੱਚ ਰਹਿ ਕੇ ਪਲ-ਪਲ ਮਰਣਗੇ। ਇਹੀ ਨਹੀਂ ਆਪਣਿਆਂ ਤੋਂ ਵਿਛੜ ਕੇ ਇਹਨਾਂ ਨੂੰ ਜੋ ਦੁੱਖ ਹੋਵੇਗਾ ਉਹ ਫਾਂਸੀ ਦੀ ਸਜਾ ਨਾਲੋਂ ਵੀ ਵਧ ਕੇ ਦਰਦਨਾਕ ਹੋਵੇਗਾ।

ਰਾਜਾ ਦੀਆਂ ਗੱਲਾਂ ਸੁਣ ਕੇ ਪ੍ਰਜਾ ਸ਼ਾਂਤ ਹੋ ਗਈ। ਲੰਗੂਰ ਅਤੇ ਬਾਂਦਰ ਜਾਤੀ ਦੇ ਲੋਕ ਆਪਣੇ ਸਮਾਜ ਦੇ ਨੇਤਾਵਾਂ ਦੀ ਹਕੀਕਤ ਤੋਂ ਵਾਕਿਫ ਹੋ ਚੁੱਕੇ ਸਨ।


ਇਕ ਵਾਰ ਫਿਰ ਚੰਪਕਵਨ ਵਿੱਚ ਸ਼ਾਂਤੀ ਬਹਾਲ ਹੋ ਗਈ। ਸਾਰੇ ਜਾਨਵਰ ਆਪਸ ਵਿੱਚ ਭਾਈਚਾਰੇ ਅਤੇ ਪ੍ਰੇਮਭਾਵ ਨਾਲ ਰਹਿਣ ਲੱਗੇ।

ਰਾਜਾ ਬਹਾਦਰ ਸਿੰਘ ਨੇ ਜੰਗਲ ਦਿਵਸ ਦੇ ਅਵਸਰ ਤੇ ਇਸ ਸਾਜਿਸ਼ ਦਾ ਪਰਦਾਫਾਸ਼ ਕਰਨ ਵਾਲੇ ਕਾਲੂ ਕਾਂ, ਵੀਰੂ ਚੀਤੇ ਅਤੇ ਪੁਲਿਸ ਦੇ ਜਵਾਨਾਂ ਨੂੰ ਸਨਮਾਨਿਤ ਕੀਤਾ ਅਤੇ ਕਾਲੂ ਕਾਂ ਨੂੰ ਪੁਲਿਸ ਵਿਭਾਗ ਵਿੱਚ ਜਾਸੂਸ ਅਧਿਕਾਰੀ ਦੇ ਰੂਪ ਵਿੱਚ ਨਿਯੁਕਤ ਕਰ ਦਿੱਤਾ। ਹੁਣ ਉਹ ਜੰਗਲ ਦੀ ਹਰ ਗਤੀਵਿੱਧੀ ਦੀ ਖਬਰ ਰੱਖਣ ਲੱਗਾ।

ਜੰਗਲ ਦਿਵਸ ਤੇ ਚੰਪਕਵਨ ਦੇ ਸਾਰੇ ਜਾਨਵਰਾਂ ਨੇ ਆਪਸੀ ਭਾਈਚਾਰੇ ਅਤੇ ਪ੍ਰੇਮ ਭਾਵ ਨਾਲ ਰਹਿਣ ਦੀ ਕਸਮ ਖਾਧੀ ਅਤੇ ਭਵਿੱਖ ਵਿੱਚ ਕਿਸੇ ਵੀ ਸਾਜ਼ਿਸ਼ ਦਾ ਸ਼ਿਕਾਰ ਨਹੀਂ ਬਣਨ ਦਾ ਪ੍ਰਣ ਲਿਆ। ਕੁਝ ਦਿਨਾਂ ਦੀ ਪ੍ਰੇਸ਼ਾਨੀ ਦੇ ਬਾਅਦ ਇਕ ਵਾਰ ਫਿਰ ਚੰਪਕਵਨ ਦੇ ਸਾਰੇ ਜਾਨਵਰ ਆਪਸ ਵਿੱਚ ਪ੍ਰੇਮਭਾਵ ਨਾਲ ਰਹਿਣ ਲੱਗੇ।

❖ ਅਸ਼ੋਕ ਭਾਰਦਵਾਜ

# ਕਿਉਂ ਹਮੇਸ਼ਾ ਧੜਕਦਾ ਰਹਿੰਦਾ ਹੈ ਦਿਲ





**ਦਿਲ** ਵੀ ਕੀ ਗਜਬ ਦਾ ਪੰਪ ਹੈ। ਇਹ ਸਾਡੇ ਸ਼ਰੀਰ ਵਿਚ ਖੂਨ ਦਾ ਸੰਚਾਰ ਕਰਦਾ ਰਹਿੰਦਾ ਹੈ, ਜਿਸ ਨਾਲ ਜੀਵਨ ਸੰਭਵ ਹੋ ਜਾਂਦਾ ਹੈ। ਇਹ ਦਿਲ ਸਿਰਫ ਗਜਬ ਦਾ ਹੀ ਨਹੀਂ, ਬਹੁਤ ਸ਼ਾਨਦਾਰ ਅਤੇ ਅਜੀਬੋ-ਗਰੀਬ ਪੰਪ ਹੈ। ਹਰ ਧੜਕਨ ਦੇ ਨਾਲ ਇਕ ਸੌ ਕਿਯੂਬਿਕ ਸੈਂਟੀਮੀਟਰ ਖੂਨ ਭੇਜਦਾ ਹੈ। ਪੂਰੇ ਦਿਨ ਵਿਚ ਕਈ ਲੀਟਰ ਖੂਨ ਪੰਪ ਹੋ ਕੇ ਸਾਡੀਆਂ ਨਸਾਂ ਵਿਚ ਗੁਜਰਦਾ ਹੈ। ਹਾਂ, ਇਕ ਔਸਤ ਜੀਵਨ ਵਿਚ ਦਿਲ 25,00,00,000 ਲੀਟਰ ਖੂਨ ਪੰਪ ਕਰਦਾ ਹੈ। ਹਰ ਇਕ ਧੜਕਨ ਸੈਕੰਡ ਦੇ ਲਗਭਗ 8-10ਵੇਂ ਹਿੱਸੇ ਤਕ ਰਹਿੰਦੀ ਹੈ। ਦਿਲ ਦਿਨ ਵਿਚ ਇਕ ਸੌ ਹਜਾਰ ਵਾਰ ਧੜਕਦਾ ਹੈ ਅਤੇ ਇੰਨ੍ਹੀ ਵਾਰ ਹੀ ਧੜਕਨਾਂ ਦੇ ਵਿਚਕਾਰ ਆਰਾਮ ਕਰਦਾ ਹੈ।

**ਕੀ ਹੁੰਦੀ ਹੈ ਧੜਕਨ –** ਦਿਲ ਦਾ ਕਾਂਟ੍ਰੈਕਟ (ਸਿਕੁੜਨਾ) ਅਤੇ ਰਿਲੈਕਸ (ਫੈਲਣਾ) ਕਰਨਾ ਉਸਦੀ ਧੜਕਨ ਹੁੰਦੀ ਹੈ। ਦਿਲ ਦੇ ਕਾਂਟ੍ਰੈਕਟ ਕਰਦੇ ਸਮੇਂ ਖੂਨ ਬਾਹਰ ਨੂੰ ਪੰਪ ਹੁੰਦਾ ਹੈ ਅਤੇ ਰਿਲੈਕਸ ਕਰਦੇ ਸਮੇਂ ਨਵਾਂ ਖੂਨ ਦਿਲ ਵਿਚ ਪਰਵੇਸ਼ ਕਰਦਾ ਹੈ, ਲੇਕਿਨ ਇਹ ਸਾਧਾਰਣ ਤਰੀਕੇ ਨਾਲ ਨਹੀਂ ਹੁੰਦਾ ਜਿਵੇਂ ਅਸੀਂ ਮੁੱਠੀ ਬੰਦ ਕਰਦੇ ਅਤੇ ਖੋਲਦੇ ਹਾਂ। ਦਿਲ ਦਾ ਇਕ ਤਰ੍ਹਾਂ ਦੀ ਲਹਿਰ ਨਾਲ ਕਾਂਟ੍ਰੈਕਟ ਹੁੰਦਾ ਹੈ, ਜੋ ਉਸਦੇ ਥੱਲਿਉਂ ਸ਼ੁਰੂ ਹੋ ਕੇ ਉਤੇ ਵਧਦੀ ਹੈ।

**ਕੀ ਚੀਜ ਹੈ ਜਿਸ ਨਾਲ ਦਿਲ ਧੜਕਕਦਾ ਰਹਿੰਦਾ ਹੈ –** ਇਸ ਦੇ ਬਾਰੇ ਜਿਆਦਾਤਰ ਗੱਲਾਂ ਅਜੇ ਵੀ ਰਹੱਸ ਹਨ। ਮੈਂ ਤੁਹਾਨੂੰ ਇਕ ਦਿਲਚਸਪ ਪ੍ਰਯੋਗ ਬਾਰੇ ਦੱਸਦਾ ਹਾਂ, ਜੋ ਸੈਂਕੜੇ ਸਾਲਾਂ ਤੋਂ ਚਲ ਰਿਹਾ ਹੈ। ਇਕ ਮੁਰਗੀ ਦਾ ਅੰਡਾ ਲਉ, ਉਸ ਨੂੰ ਲਗਭਗ 26 ਘੰਟੇ ਤਕ ਇਨਕਯੂਬੇਟ ਕਰੋ। ਹੁਣ ਇਸ ਨੂੰ ਖੋਲੋ ਅਤੇ ਮੈਗਨੀਫਾਈਂਗ ਗਲਾਸ ਤੋਂ ਉਹਨਾਂ ਕੋਸ਼ਿਕਾਵਾਂ ਦਾ ਅਧਿਅਨ ਕਰੋ ਜੋ ਬਾਅਦ ਵਿਚ ਮੁਰਗੀ ਦਾ ਦਿਲ ਬਣਨਗੀਆਂ। ਤੁਸੀਂ ਵੇਖੋਗੇ ਕਿ ਉਹ ਕੋਸ਼ਿਕਾਵਾਂ ਧੜਕ ਰਹੀਆਂ ਹੋਣਗੀਆਂ। ਹਾਂ, ਹੁਣ ਜੇਕਰ ਤੁਸੀਂ ਇਹਨਾਂ ਕੋਸ਼ਿਕਾਵਾਂ ਨੂੰ ਵੱਖ ਕੱਢ ਲਉ ਅਤੇ ਉਹਨਾਂ ਨੂੰ ਥੋੜਾ ਵਿਕਸਿਤ ਹੋਣ ਦਿਉ ਅਤੇ ਵਿਕਸਿਤ ਹੁੰਦੇ ਦਿਲ ਨੂੰ ਛੇ ਟੁਕੜਿਆਂ ਵਿਚ ਕੱਟ ਦਿਉ, ਤਾਂ ਹਰ ਟੁਕੜਾ ਕੁਝ ਸਮੇਂ ਲਈ ਕਾਂਟ੍ਰੈਕਟ ਕਰਨਾ ਜਾਰੀ ਰਖੇਗਾ। ਇੰਜ ਕਿਉਂ ਹੁੰਦਾ ਹੈ? ਸਾਨੂੰ ਨਹੀਂ ਪਤਾ। ਸਿਰਫ ਇਹ ਕਿਹਾ ਜਾ ਸਕਦਾ ਹੈ ਕਿ ਦਿਲ ਵਿਚ ਕਾਂਟ੍ਰੈਕਟ ਕਰਨ ਦਾ ਗੁਣ ਹੁੰਦਾ ਹੈ ਅਤੇ ਜੀਵਨ ਦਾ ਇਹ ਰਹੱਸ ਕਿ ਦਿਲ ਕਿਉਂ ਧੜਕਦਾ ਰਹਿੰਦਾ ਹੈ, ਅੱਜ ਵੀ ਪਹੇਲੀ ਹੀ ਬਣਿਆ ਹੋਇਆ ਹੈ।

# ਵਿਗਿਆਨ ਪ੍ਰਸ਼ਨੋਤਰੀ



❑ ਘਮੰਡੀਲਾਲ ਅਗਰਵਾਲ

**ਪ੍ਰਸ਼ਨ :** ਸਿਨੇਮਾ ਦੀ ਰੀਲ ਵਿੱਚ ਸਾਰੇ ਲੋਕ ਸੁਭਾਵਿਕ ਰੂਪ ਨਾਲ ਹਿਲਦੇ-ਜੁਲਦੇ ਕਿਉਂ ਦਿਖਾਈ ਦਿੰਦੇ ਹਨ?

**ਉੱਤਰ :** ਮਾਨਵ ਅੱਖ ਦਾ ਇਹ ਗੁਣ ਹੈ ਕਿ ਰੇਟਿਨਾ ਤੇ ਬਣੇ ਪ੍ਰਤੀਬਿੰਬ ਦੀ ਸੰਵੇਦਨਾ ਇਕ ਸੈਕਿੰਡ ਦੇ ਸੋਲ੍ਹਵੇਂ ਹਿੱਸੇ ਤਕ ਬਣੀ ਰਹਿੰਦੀ ਹੈ। ਅਗਰ ਇਸ ਵੇਗ ਤੋਂ ਜਲਦੀ-ਜਲਦੀ ਇਕੋ ਜਿਹੀਆਂ ਤਸਵੀਰਾਂ ਅੱਖ ਦੇ ਸਾਹਮਣਿਉਂ ਕੱਢੀਆਂ ਜਾਣ, ਤਾਂ ਉਹ ਚਲਦੀਆਂ-ਫਿਰਦੀਆਂ ਅਤੇ ਸਹਿਜ ਰੂਪ ਨਾਲ ਗਤੀ ਕਰਦੀਆਂ ਪ੍ਰਤੀਤ ਹੁੰਦੀਆਂ ਹਨ। ਸਿਨੇਮਾ ਦੀ ਰੀਲ ਵਿੱਚ ਇਕ ਸੈਕਿੰਡ ਵਿੱਚ 24 ਜਾਂ ਇਸ ਤੋਂ ਵੱਧ ਤਸਵੀਰਾਂ ਲਈਆਂ ਜਾਂਦੀਆਂ ਹਨ। ਇਸ ਕਾਰਨ ਅੱਖ ਦੇ ਸਾਹਮਣੇ ਤੋਂ ਨਿਕਲਣ ਤੇ ਇਹ ਚਲਦੀਆਂ-ਫਿਰਦੀਆਂ ਨਜ਼ਰ ਆਉਂਦੀਆਂ ਹਨ।

**ਪ੍ਰਸ਼ਨ :** ਪੇਟ ਵਿੱਚ ਗੈਸ ਕਿਉਂ ਬਣਦੀ ਹੈ?

**ਉੱਤਰ :** ਪੇਟ ਵਿੱਚ ਗੈਸ ਇੰਟੇਸਟਾਈਨਲ ਕਾਨਟੈਂਟ ਦੇ ਬੈਕਟੀਰੀਅਲ ਫਾਰਮੇਂਟੇਸ਼ਨ ਨਾਲ ਬਣਦੀ ਹੈ ਜਿਸ ਨੂੰ ਫਲੈਟਲੇਂਸ ਕਹਿੰਦੇ ਹਨ। ਕਦੇ-ਕਦੇ ਦੁੱਧ ਪੀਣ ਦੇ ਕਾਰਣ ਵੀ ਗੈਸ ਫਾਰਮੇਸ਼ਨ ਹੋ ਜਾਂਦਾ ਹੈ। ਐਂਟੀਬਾਉਟਿਕ ਦੇ ਪ੍ਰਯੋਗ ਨਾਲ ਵੀ ਗੈਸ ਬਣ ਜਾਂਦੀ ਹੈ। ਪੇਟ ਵਿੱਚ ਪਾਏ ਜਾਣ ਵਾਲੇ ਦ੍ਰਵ ਅਤੇ ਖਾਰੀ ਪੈਂਕ੍ਰਿਆਟਿਕ ਜੂਸੇਜ ਵਿੱਚ ਹੋਣ ਵਾਲੀ ਪ੍ਰਤੀਕ੍ਰਿਆ ਦੇ ਕਾਰਣ ਵੀ ਅਕਾਰਬਨਿਕ ਅਤੇ ਨਾਈਟ੍ਰੋਜਨੀ ਗੈਸਾਂ ਦਾ ਨਿਰਮਾਣ ਹੁੰਦਾ ਹੈ।

**ਪ੍ਰਸ਼ਨ :** ਚੂਜੇ ਸੂਰਜ ਨਿਕਲਦੇ ਹੀ ਕਿਉਂ ਜਾਗ ਜਾਂਦੇ ਹਨ ਅਤੇ ਸੂਰਜ ਡੁਬਦੇ ਹੀ ਕਿਉਂ ਸੌਂ ਜਾਂਦੇ ਹਨ?

**ਉੱਤਰ :** ਚੂਜਿਆਂ ਦੀ ਅੱਖ ਵਿੱਚ ਸਥਿਤ ਰੇਟੀਨਾ ਤੇ ਬਹੁਤ ਘੱਟ ਡੰਡ (Rods) ਹੁੰਦੇ ਹਨ ਅਤੇ ਸ਼ੰਕੂ ਅਧਿਕ ਹੁੰਦੇ ਹਨ। ਸ਼ੰਕੂ ਕੇਵਲ ਤੇਜ਼ ਪ੍ਰਕਾਸ਼ ਦੇ ਪ੍ਰਤੀ ਸੰਵੇਦਨਸ਼ੀਲ ਹੁੰਦੇ ਹਨ। ਇਸ ਕਾਰਨ ਚੂਜੇ ਸੂਰਜ ਨਿਕਲਣ ਦੇ ਸਮੇਂ ਉਠੱ ਜਾਂਦੇ ਹਨ ਅਤੇ ਸੂਰਜ ਡੁੱਬਣ ਦੇ ਨਾਲ ਸੌਂ ਜਾਂਦੇ ਹਨ।

**ਪ੍ਰਸ਼ਨ :** ਰੋਂਦੇ ਸਮੇਂ ਨਵਜਾਤ ਸ਼ਿਸ਼ੂ ਦੀਆਂ ਅੱਖਾਂ ਵਿਚੋਂ ਹੰਝੂ ਕਿਉਂ ਨਹੀਂ ਨਿਕਲਦੇ ?

**ਉੱਤਰ :** ਦਰਅਸਲ, ਸਰੀਰ ਵਿੱਚ ਅਨੇਕ ਗ੍ਰੰਥੀਆਂ ਹੁੰਦੀਆਂ ਹਨ ਅਤੇ ਇਹਨਾਂ ਗ੍ਰੰਥੀਆਂ ਦਾ ਆਪਣਾ – ਆਪਣਾ ਅਲਗ ਕਾਰਜ ਹੁੰਦਾ ਹੈ। ਇਸੀ ਪ੍ਰਕਾਰ ਨਾਲ ਹੰਝੂਆਂ ਲਈ ਵੀ ਇਕ ਪ੍ਰਕਾਰ ਦੀਆਂ ਗ੍ਰੰਥੀਆਂ ਜ਼ਿੰਮੇਵਾਰ ਹੁੰਦੀਆਂ ਹਨ। ਨਵਜਾਤ ਸ਼ਿਸ਼ੂ ਰੋਂਦੇ ਸਮੇਂ ਅੱਖਾਂ ਤੋਂ ਹੰਝੂ ਨਹੀਂ ਵਹਾ ਸਕਦੇ ਕਿਉਂਕਿ ਹੰਝੂ ਵਹਾਉਣ ਵਾਲੀਆਂ ਗ੍ਰੰਥੀਆਂ ਨਵਜਾਤ ਸ਼ਿਸ਼ੂ ਵਿਚ ਮੌਜੂਦ ਨਹੀਂ ਹੁੰਦੀਆਂ। ਇਹ ਗ੍ਰੰਥੀਆਂ ਚਾਰ-ਪੰਜ ਮਹੀਨੇ ਦੇ ਬੱਚਿਆਂ ਵਿੱਚ ਹੀ ਵਿਕਸਿਤ ਹੋਣਾ ਆਰੰਭ ਹੁੰਦੀਆਂ ਹਨ। ■

❖ ਅਸ਼ੋਕ ਬ੍ਰਾਹਮਣਮਾਜਰਾ

# ਝਾਲਰ ਵਾਲੀ ਪੱਖੀ

ਮੁੜਕਾ ਜਦੋਂ ਚੋਣ ਸੀ ਲੱਗਾ,
ਗਰਮੀ ਦੇ ਨਾਲ ਭਿੱਜ ਗਿਆ ਝੱਗਾ।

ਲੜਦਾ ਮੱਛਰ ਜਾਂ ਕਰੇ ਚਾਂ-ਚਾਂ,
ਬੱਚੇ ਨੂੰ ਲੋਰੀਆਂ ਦੇਵੇ ਮਾਂ।

ਝਾਲਰ ਵਾਲੀ ਪੱਖੀ ਦੀ ਮਾਰ ਝੱਲ,
ਸੌਂ ਜਾ ਮੂੰਹ ਕਰਵੇ ਮੇਰੇ ਵੱਲ।

ਮੁੱਠਾ ਫੜ ਪੱਖੀ ਜਦੋਂ ਘੁੰਮਾਵੇ,
ਬੱਚੇ ਲਈ ਹਵਾ ਉਹ ਖੂਬ ਬਣਾਵੇ।

ਸਸਤਾ ਕਿੰਨਾ ਇਸਦਾ ਮੁੱਲ,
ਬੁਣਤੀ ਨਾਲ ਪਾਏ ਨੇ ਫੁੱਲ।

ਗਰਮੀ ਦੀ ਇਹ ਤੱਪਦੀ ਧੁੱਪ,
ਪੱਖੀਆਂ ਝਲਣੀਆਂ ਪੈਂਦੀਆ ਪੁੱਤ।

ਅਸ਼ੋਕ ਸੁਪਨਿਆਂ ਵਿਚ, ਗਿਆ ਗਵਾਚ,
ਪੱਖੀ ਵਿਰਸੇ ਦੀ ਅਨਮੋਲ ਸੌਗਾਤ।



❖ ਬਲਦੇਵ ਸਿੰਘ ਕੰਬੋ

# ਬਿਜੜਾ ਤੇ ਬਾਂਦਰ

ਇਕ ਜੰਗਲ ਵਿਚ ਬਿਜੜਾ ਅਤੇ ਬਾਂਦਰ ਇਕ ਦੂਸਰੇ ਦੇ ਗੁਆਂਢੀ ਸਨ। ਬਿਜੜੇ ਦਾ ਆਲ੍ਹਣਾ ਵੇਖ ਕੇ ਬਾਂਦਰ ਸੜਦਾ ਸੀ ਅਤੇ ਇਕ ਦਿਨ ਕਹਿ ਹੀ ਦਿੱਤਾ ਕਿ ਤੇਰਾ ਆਲ੍ਹਣਾ ਬਹੁਤ ਸੁੰਦਰ ਹੈ। ਇਹ ਸੁਣ ਕੇ ਬਿਜੜੇ ਨੇ ਕਿਹਾ - ਮੇਰਾ ਆਲ੍ਹਣਾ ਵੇਖ ਕੇ ਕਿਉਂ ਸੋਚਦਾ ਰਹਿੰਦਾ ਹੈ, ਤੂੰ ਵੀ ਆਪਣਾ ਘਰ ਬਣਾ ਸਕਦਾ ਹੈ। ਆਪਣਾ ਘਰ ਆਪਣਾ ਹੀ ਹੁੰਦਾ ਹੈ।

ਬਸ ਇਸ ਛੋਟੀ ਜਿਹੀ ਸਲਾਹ ਦੇਣ ਤੇ ਹੀ ਬਾਂਦਰ ਨੂੰ ਗੁੱਸਾ ਆ ਗਿਆ ਅਤੇ ਉਸ ਨੇ ਬਿਜੜੇ ਦਾ ਆਲ੍ਹਣਾ ਢਾਹ ਦਿੱਤਾ। ਜਦੋਂ ਬਾਂਦਰ ਨੇ ਬਿਜੜੇ ਦਾ ਆਲਣਾ ਢਾਹ ਕੇ ਤੀਲਾ ਤੀਲਾ ਕਰ ਦਿੱਤਾ ਤਾਂ ਬਿਜੜੇ ਨੂੰ ਬਹੁਤ ਦੁਖ ਹੋਇਆ। ਬਿਜੜਾ ਸੋਚਦਾ ਆਖਰ ਮੈਂ ਬਾਂਦਰ ਨੂੰ ਕੀ ਮਾੜਾ ਕਹਿ ਦਿੱਤਾ। ਮੈਂ ਤਾਂ ਉਸ ਨੂੰ ਮਿਹਨਤ ਕਰ ਕੇ ਘਰ ਬਣਾਉਣ ਦੀ ਸਲਾਹ ਦਿੱਤੀ ਸੀ। ਉਸ ਨੇ ਮੇਰਾ ਆਲ੍ਹਣਾ ਮਿੱਟੀ ਚ ਮਿਲਾ ਦਿੱਤਾ। ਉਤੋਂ ਸਰਦੀ ਆਉਣ ਵਾਲੀ ਹੈ ਮੈਂ ਹੁਣ ਕੀ ਕਰਾਂਗਾ? ਮੈਂ ਦੁਬਾਰਾ ਆਲ੍ਹਣਾ ਬਣਾ ਵੀ ਲਵਾਂ ਪਰ ਇਹ ਫਿਰ ਮੇਰਾ ਆਲ੍ਹਣਾ ਢਾਹ ਦੇਵੇਗਾ। ਸਰਦੀ ਚ ਮੈਨੂੰ ਮੁਸੀਬਤ ਦਾ ਸਾਹਮਣਾ ਕਰਨਾ ਪਏਗਾ। ਮੈਨੂੰ ਮੂਰਖ ਪਸ਼ੂ ਦੇ ਗੁਆਂਢ ਰਹਿਣਾ ਹੀ ਨਹੀਂ ਚਾਹੀਦਾ। ਲੰਮੀ ਸੋਚ ਵਿਚਾਰ ਤੋਂ ਬਾਅਦ ਬਿਜੜਾ ਕਿਸੇ ਚੰਗੇ ਅਤੇ ਸੁਰਖਿਅਤ ਸਥਾਨ ਦੀ ਭਾਲ ਵਿਚ ਉਡਾਰੀ ਮਾਰ ਗਿਆ।

ਉਧਰ ਬਾਂਦਰ ਦੋ ਚਾਰ ਦਿਨ ਤਾਂ ਬਿਜੜੇ ਦਾ ਇੰਤਜ਼ਾਰ ਕਰਦਾ ਰਿਹਾ ਕਿ ਸ਼ਾਇਦ ਬਿਜੜਾ ਆਲ੍ਹਣੇ ਦੇ ਨਿਰਮਾਣ ਲਈ ਤੀਲੇ ਬਣਾਉਣ ਗਿਆ ਹੋਵੇਗਾ। ਪਰ ਜਦੋਂ ਚਾਰ ਦਿਨਾਂ ਦੇ ਬਾਅਦ ਵੀ ਬਿਜੜਾ ਨਾ ਪਰਤਿਆ ਤਾਂ ਬਾਂਦਰ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਣਾ ਸ਼ੁਰੂ ਹੋ ਗਿਆ। ਬਾਂਦਰ ਸੋਚਣ ਲੱਗਾ - ਮੈਂ ਬਿਜੜੇ ਦਾ ਆਲ੍ਹਣਾ ਢਾਹ ਕੇ ਚੰਗਾ ਨਹੀਂ ਕੀਤਾ। ਕਿੰਨਾ ਸੋਹਣਾ ਅਤੇ ਸਿਆਣਾ ਪੰਛੀ ਮੇਰੇ ਗੁਆਂਢ ਚ ਵੱਸਦਾ ਸੀ ਜਿਸ ਨੂੰ ਮੈਂ ਆਪਣੀ ਮੂਰਖਤਾ ਕਾਰਣ ਗੁਆ ਲਿਆ। ਸਵੇਰੇ ਉਠਦੇ ਹੀ



ਆਲਾ-ਦੁਆਲਾ ਭਰਿਆ ਭਰਿਆ ਲਗਦਾ ਸੀ। ਸਵੇਰੇ ਮੇਰੇ ਤੋਂ ਪਹਿਲਾਂ ਉਠੱ ਪੈਂਦਾ ਸੀ। ਮੇਰੇ ਕੰਨੀ ਉਸ ਦੇ ਮਿੱਠੇ-ਮਿੱਠੇ ਬੋਲ ਹੀ ਪੈਂਦੇ ਸਨ। ਕਈ ਵਾਰ ਮੈਂ ਭੁੱਖਾ ਹੁੰਦਾ ਤਾਂ ਮੈਨੂੰ ਭੋਜਨ ਲਈ ਸਥਾਨ ਵੀ ਦੱਸਦਾ ਸੀ। ਪਿਛਲੇ ਸਾਲ ਜਦ ਚਿੜੀਆਘਰ ਵਾਲੇ ਜੰਗਲ ਚ ਆਏ ਤਾਂ ਸਭ ਤੋਂ ਪਹਿਲਾਂ ਬਿਜੜੇ ਨੇ ਹੀ ਜਾਣਕਾਰੀ ਦਿੱਤੀ। ਸਭ ਪਸ਼ੂ-ਪੰਛੀ ਸੁਰਖਿਅਤ ਥਾਵਾਂ ਤੇ ਲੁਕ ਗਏ, ਸਭ ਦੀ ਜਾਨ ਬਚ ਗਈ। ਮੈਂ ਉਸ ਤੋਂ ਘਰ ਬਣਾਉਣਾ ਸਿਖਣਾ ਸੀ। ਬਿਜੜਾ ਮੈਨੂੰ ਸਲਾਹ ਵੀ ਦੇ ਰਿਹਾ ਸੀ ਪਰ ਮੈਨੂੰ ਬੇਲੋੜਾ ਗੁੱਸਾ ਆ ਗਿਆ ਤੇ ਮੈਂ ਉਸਦਾ ਆਲ੍ਹਣਾ ਹੀ ਢਾਹ ਦਿੱਤਾ। ਬਾਂਦਰ ਆਪਣੀ ਕਰਤੂਤ ਤੇ ਪਛਤਾ ਰਿਹਾ ਸੀ।



ਇਸ ਤਰ੍ਹਾਂ ਝੂਰਦਿਆਂ-ਝੂਰਦਿਆਂ ਦੋ ਦਿਨ ਹੋਰ ਲੰਘ ਗਏ। ਹੁਣ ਬਾਂਦਰ ਨੂੰ ਇਕੱਲਾਪਨ ਸਤਾਉਣ ਲੱਗਾ। ਹੁਣ ਬਾਂਦਰ ਬਿਜੜੇ ਦੀ ਭਾਲ ਵਿਚ ਨਿਕਲ ਗਿਆ। ਉਸ ਨੇ ਜੰਗਲ, ਪਹਾੜ, ਦਰਖਤ ਸਭ ਛਾਣੇ ਪਰ ਬਿਜੜੇ ਦਾ ਕੋਈ ਸੁਰਾਗ ਨਾ ਮਿਲਿਆ। ਭੁੱਖੇ ਭਾਣੇ ਹੀ ਘੁੰਮਦਾ ਰਿਹਾ ਜਿਸ ਕਰਕੇ ਬਾਂਦਰ ਕਮਜ਼ੋਰ ਹੋ ਗਿਆ। ਬਾਂਦਰ ਦੀਆਂ ਅੱਖਾਂ 'ਚ ਪਛਤਾਵਾ ਝਲਕ ਰਿਹਾ ਸੀ।


ਭੁੱਖ ਦਾ ਮਾਰਿਆ ਬਾਂਦਰ ਇਕ ਦਿਨ ਨਜ਼ਦੀਕ ਦੀ ਬਸਤੀ ਚ ਭੋਜਨ ਦੀ ਭਾਲ ਵਿਚ



ਗਿਆ। ਉਹ ਇਕ ਝੌਂਪੜੀ ਵਿਚ ਵੜਿਆ। ਘਰ ਦਾ ਮਾਲਕ ਨਜ਼ਦੀਕ ਹੀ ਮੰਜੀ ਤੇ ਲੰਮਾ ਪਿਆ ਸੀ। ਚੋਰੀ-ਚੋਰੀ ਬਾਂਦਰ ਨੇ ਘਰ ਦੀ ਫੋਲਾ-ਫਾਲੀ ਸ਼ੁਰੂ ਕੀਤੀ ਤਾਂ ਅਚਾਨਕ ਹੀ ਉਸ ਦੀ ਨਜ਼ਰ ਇਕ ਪਿੰਜਰੇ ਤੇ ਪਈ। ਉਸ ਵਿਚ ਕਈ ਚਿੜੀਆਂ ਕੈਦ ਕੀਤੀਆਂ ਹੋਈਆਂ ਸਨ। ਉਹਨਾਂ ਵਿਚੋਂ ਕਈ ਨਸਲਾਂ ਬਹੁਤ ਸੁੰਦਰ ਅਤੇ ਦੁਰਲੱਭ ਸਨ। ਇਨ੍ਹਾਂ ਚਿੜੀਆਂ ਵਿਚ ਹੀ ਬਿਜੜਾ ਕੈਦੀ ਬਣਿਆ ਬੈਠਾ ਹੋਇਆ ਸੀ। ਬਿਜੜੇ ਵਲ ਵੇਖਦਿਆਂ ਹੀ ਬਾਂਦਰ ਖੁਸ਼ੀ ਦੇ ਮਾਰੇ ਨੱਚ ਉਠਿਆ। ਅਗੇ ਵੱਧ ਕੇ ਬਾਂਦਰ ਨੇ ਪਿੰਜਰੇ ਦਾ ਤਾਲਾ ਖੋਲ੍ਹ ਦਿੱਤਾ। ਅੱਖ ਝਪਕਦਿਆਂ ਦੀ ਬਿਜੜੇ ਸਮੇਤ ਸਾਰੇ ਪੰਛੀ ਉਡਾਰੀ ਮਾਰ ਗਏ। ਇਸ ਤੋਂ ਪਹਿਲਾਂ ਕਿ ਮਾਲਕ ਨੂੰ ਕੁਝ ਖਬਰ ਹੁੰਦੀ, ਬਾਂਦਰ ਵੀ ਜੰਗਲ ਵਲ ਚਲਾ ਗਿਆ।

ਇਕ ਸੁਰਖਿਅਤ ਜਗ੍ਹਾ ਤੇ ਸਾਰਿਆਂ ਪੰਛੀਆਂ ਨੇ ਬਾਂਦਰ ਦਾ ਧੰਨਵਾਦ ਕੀਤਾ। ਬਾਂਦਰ ਨੇ ਬਿਜੜੇ ਤੋਂ ਪਿਛਲੀ ਗਲਤੀ ਦੀ ਮਾਫੀ ਮੰਗੀ, ਅੱਗੇ ਤੋਂ ਅਜਿਹੀ ਹਰਕਤ, ਜਿਸ ਨਾਲ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੇ, ਨਾ ਕਰਨ ਦੀ ਕਸਮ ਖਾਧੀ। ਬਿਜੜੇ ਨੇ ਵੀ ਬਾਂਦਰ ਨੂੰ ਖੁਸ਼ੀ-ਖੁਸ਼ੀ ਮਾਫ ਕਰ ਦਿੱਤਾ। ਬਾਕੀ ਪੰਛੀਆਂ ਨੇ ਆਪਣੀ-ਆਪਣੀ ਤਕਨੀਕ ਅਨੁਸਾਰ ਆਲ੍ਹਣੇ ਕੁਝ ਹੀ ਦਿਨਾਂ ਵਿਚ ਬਣਾ ਲਏ। ਉਸ ਰੁੱਖ ਦੇ ਹੇਠਾਂ ਪੰਛੀਆਂ ਨੇ ਬਾਂਦਰ ਦੀ ਸਹਾਇਤਾ ਨਾਲ ਉਸ ਦੇ ਲਈ ਵੀ ਟਹਿਣੀਆਂ ਨਾਲ ਇਕ ਘਰ ਤਿਆਰ ਕਰ ਦਿੱਤਾ।

ਪਿਆਰੇ ਬੱਚਿਉ ! ਆਪਣੇ ਸੰਗੀ ਸਾਥੀਆਂ, ਆਂਢੀ-ਗੁਆਂਢੀਆਂ ਪ੍ਰਤੀ ਹਮੇਸ਼ਾ ਸਹਾਇਤਾ ਕਰਨ ਦੀ ਸੋਚ ਅਪਨਾਉ। ਜੇਕਰ ਅਨਜਾਣੇ ਵਿਚ ਗਲਤੀ ਹੋ ਜਾਵੇ ਤਾਂ ਆਪਣੀ ਗਲਤੀ ਸਵੀਕਾਰ ਕਰ ਲਉ। ਇਸ ਨਾਲ ਤੁਹਾਡਾ ਮਾਨਸਿਕ ਵਿਕਾਸ ਹੋਵੇਗਾ।



❖ ਪ੍ਰੋ.ਪ੍ਰੇਮ ਪ੍ਰਕਾਸ਼

# ਵਿਸ਼ਵ ਭਰ ਵਿਚ ਮਸ਼ਹੂਰ ਹੈ ਸਾਈਕਲ ਦੀ ਸਵਾਰੀ



ਪਿਆਰੇ ਬੱਚਿਓ ! ਇਹ ਚਿੰਤਾ ਦਾ ਵਿਸ਼ਾ ਹੈ ਕਿ ਸੰਸਾਰ ਵਿਚ ਤੀਹ ਕਰੋੜ ਤੋਂ ਵੀ ਵੱਧ ਬੱਚੇ ਹਵਾ ਵਿਚ ਫੈਲੇ ਪ੍ਰਦੂਸ਼ਣ ਦੇ ਚਲਦਿਆਂ ਮੌਤ ਦੇ ਹਵਾਲੇ ਹੋ ਚੁਕੇ ਹਨ। ਇਸ ਹਾਲਤ ਵਿਚ ਵਾਤਾਵਰਣ ਦੇ ਦ੍ਰਿਸ਼ਟੀਕੋਣ ਨਾਲ ਸਾਈਕਲਿੰਗ ਨਾ ਸਿਰਫ ਈਕੋ ਫ੍ਰੈਂਡਲੀ ਹੈ, ਬਲਕਿ ਵੱਖ-ਵੱਖ ਬੀਮਾਰੀਆਂ ਤਨਾਵ ਅਤੇ ਜੋੜਾਂ ਦੇ ਦਰਦ ਦੂਰ ਕਰਦੀ ਹੈ। ਹਿਰਦੇ ਅਤੇ ਮਾਂਸ ਪੇਸ਼ੀਆਂ ਨੂੰ ਮਜ਼ਬੂਤ ਬਣਾਉਣ ਦੇ ਇਲਾਵਾ ਸ਼ਰੀਰ ਵਿਚ ਖੂਨ ਦੇ ਸੰਚਾਰ ਨੂੰ ਫਿਟ ਰਖਦੀ ਹੈ। ਇਕੱਲੇ ਜਾਪਾਨ ਵਿਚ ਹੀ 95 ਫੀਸਦੀ ਆਬਾਦੀ ਸਾਈਕਲ ਦਾ ਇਸਤੇਮਾਲ ਕਰਦੀ ਹੈ। ਅਮਰੀਕਾ ਵਿਚ ਇਕ ਹਜਾਰ ਦੀ ਜਨਸੰਖਿਆ ਉਤੇ 75ਤੋਂ ਜਿਆਦਾ ਸਾਈਕਲਾਂ ਹਨ। ਅਸੀਂ ਛੋਟੀ-ਛੋਟੀ ਦੂਰੀ ਨੂੰ ਤਾਂ ਸਾਈਕਲ ਨਾਲ ਤੈਅ ਕਰ ਸਕਦੇ ਹਾਂ।

ਤੁਹਾਡੇ ਦਿਲ-ਦਿਮਾਗ ਵਿਚ ਇਹ ਪ੍ਰਸ਼ਨ ਆ ਰਿਹਾ ਹੋਵੇਗਾ ਕਿ ਸਾਈਕਲ ਦੀ ਖੋਜ ਕਿਵੇਂ ਹੋਈ? ਸ਼ੁਰੂਆਤ ਵਿਚ ਹੋਬੀ ਹਾਰਸ ਅਤੇ ਡੈਂਡੀ ਹਾਰਸ ਸਾਈਕਲ ਦੀ ਖੋਜ ਦਾ ਸਿਹਰਾ ਬੈਰਨ ਕਾਰਲ ਸੌਰਬ੍ਰੋਨ ਨੂੰ ਜਾਂਦਾ ਹੈ, ਜਿਨ੍ਹਾਂ ਨੇ ਸੰਨ 1813 ਵਿਚ ਜਰਮਨੀ ਵਿਚ ਲੱਕੜੀ ਨਾਲ ਬਣੇ ਦੋ ਪਹੀਏ ਵਾਲੇ ਵਾਹਨ ਨੂੰ ਪੈਰਾਂ ਨਾਲ ਗਤੀ ਦੇ ਕੇ ਅਤੇ ਸਾਈਕਲ ਵਾਂਗ ਇਸਤੇਮਾਲ ਕਰਕੇ ਜਨਮਾਨਸ ਨੂੰ ਹੈਰਾਨ ਕਰ ਦਿੱਤਾ। ਹਾਲਾਂਕਿ ਆਪਣੀ ਖੋਜ ਦੇ ਸੰਬੰਧ ਵਿਚ ਸੌਰਬ੍ਰੋਨ ਦਾ ਮਜਾਕ ਵੀ ਬਣਿਆ ਲੇਕਿਨ ਸੌਰਬ੍ਰੋਨ ਨੇ ਹਿੰਮਤ ਨਹੀਂ ਹਾਰੀ। ਇਸ ਤੋਂ ਬਾਅਦ 1840 ਵਿਚ ਸਕਾਟਲੈਂਡ ਵਿਚ ਪੈਟ੍ਰਿਕ ਮੈਗਮਿਲਨ ਸਾਈਕਲ ਦਾ ਸੁਧਰਿਆ ਹੋਇਆ ਰੂਪ ਸਾਹਮਣੇ ਲਿਆਇਆ। ਫਲਸਰੂਪ ਲੋਹੇ ਦੀ ਸਾਈਕਲ ਆ ਗਈ, ਲੇਕਿਨ ਫਿਲਿਪ ਫਿਸ਼ਰ ਨੇ ਸਾਈਕਲ ਵਿਚ ਪੈਡਲਾਂ ਦੀ ਵਿਵਸਥਾ ਕਰਕੇ ਇਸ ਨੂੰ ਜਿਆਦਾ ਵਧੀਆ ਬਣਾ ਦਿਤਾ। ਫਲਸਰੂਪ ਸਾਈਕਲ ਦੀ ਲੋਕਪ੍ਰਿਯਤਾ ਵਿਸ਼ਵ ਵਿਚ ਛਾ ਗਈ ਅਤੇ ਸਮਾਜ ਦੇ ਹਰ ਵਰਗ ਦੁਆਰਾ ਸਾਈਕਲ ਦਾ ਇਸਤੇਮਾਲ ਹੋਣ ਲਗਾ। ਸਮੇਂ ਦੇ ਬਦਲਾਵ ਨਾਲ ਸਾਈਕਲ ਵਿਚ ਬਦਲਾਵ ਆਉਣ ਲਗੇ। ਜਿਵੇਂ ਰੋਲਰ ਚੈਨ ਇਸਤੇਮਾਲ ਸਪੋਕ ਵਾਲੇ ਪਹੀਏ, ਬਾਲ ਵੇਅਰਿੰਗ, ਗੀਅਰ ਸੀਟ, ਫ੍ਰੀ ਵੀਲ ਨੇ ਸਾਈਕਲ ਦੀ ਸ਼ਾਨ ਵਿਚ ਚਾਰ ਚੰਨ ਲਾ ਦਿੱਤੇ। ਇਸ ਤੋਂ ਬਾਅਦ ਜਾਨ ਡਨਲਪ ਨੇ ਸਾਈਕਲ ਦੇ ਪਹੀਆਂ ਵਿਚ ਟਾਇਰ ਟਯੂਬ ਦਾ ਇਸਤੇਮਾਲ ਕਰਕੇ ਸਾਈਕਲ ਦੀ ਗਤੀ ਵਿਚ ਵਾਧਾ ਕਰ ਦਿਤਾ ਅਤੇ ਸਾਈਕਲ ਸ਼ਾਨ ਦੀ ਸਵਾਰੀ ਬਣ ਗਈ। ਜਿਥੋਂ ਤਕ ਭਾਰਤ ਦਾ ਪ੍ਰਸ਼ਨ ਹੈ ਤਾਂ ਆਪਣੇ ਰਾਸ਼ਟਰ ਵਿਚ 1889-91 ਵਿਚ ਸਾਈਕਲ ਸ਼ੁਰੂ ਹੋਇਆ ਅਤੇ ਸਾਲ 1938 ਵਿਚ ਕਲਕਤਾ ਵਿਚ ਸਾਈਕਲ ਨਿਰਮਾਣ ਦੇ ਪਹਿਲੇ ਕਾਰਖਾਨੇ ਦੀ ਨੀਂਹ ਰਖੀ ਗਈ।

ਜਿਵੇਂ ਕਿ ਪਹਿਲਾਂ ਹੀ ਦੱਸਿਆ ਜਾ ਚੁਕਿਆ ਹੈ ਕਿ ਸਾਈਕਲ ਦੀ ਲੋਕਪ੍ਰਿਯਤਾ ਦੇ ਕਾਰਣ ਸਮਾਜ ਦੇ ਹਰ ਵਰਗ ਦੁਆਰਾ ਇਸਦਾ ਇਸਤੇਮਾਲ ਕੀਤਾ ਜਾਂਦਾ ਰਿਹਾ। ਇਸ ਵਰਗ ਵਿਚ ਅਭਿਨੇਤਾ ਤੋਂ ਲੈ ਕੇ ਰਾਜਨੇਤਾ ਤਕ ਸ਼ਾਮਿਲ ਸਨ। ਖੁਦ ਭਾਰਤ ਦੇ ਪਹਿਲੇ ਪ੍ਰਧਾਨਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਸਾਈਕਲਿੰਗ ਤੋਂ ਪ੍ਰੇਰਿਤ ਹੋ ਕੇ ਸਾਈਕਲ ਸਿਖਣ ਦੇ ਲਈ ਇਕ ਉਸਤਾਦ ਨੂੰ ਰਖਿਆ ਸੀ। ਭਾਰਤ ਵਿਚ ਸਾਈਕਲ ਦੇ ਮਸ਼ਹੂਰ ਬ੍ਰਾਂਡਾਂ ਵਿਚੋਂ ਹਰਕੁਲਸ, ਹੀਰੋ, ਐਟਲਸ, ਏਵਨ ਇਹੋ ਜਿਹੇ ਬ੍ਰਾਂਡ ਹਨ, ਜਿਨ੍ਹਾਂ ਨੇ ਕੁਝ ਸਮੇਂ ਵਿਚ ਹੀ ਲੋਕਪ੍ਰਿਯਤਾ ਦੇ ਸ਼ਿਖਰ ਨੂੰ ਛੂਹ ਲਿਆ। ਇਥੇ ਇਹ ਗੱਲ ਵੀ ਬੜੀ ਮਜੇਦਾਰ ਹੈ ਕਿ ਭਾਵੇਂ ਕਿਹੋ ਜਿਹਾ ਵੀ ਸਮਾਂ ਜਾਂ ਪ੍ਰਸਥਿਤੀ ਰਹੀ ਹੋਵੇ ਲੇਕਿਨ ਸਾਈਕਲ ਦੀ ਲੋਕਪ੍ਰਿਯਤਾ ਵਿਚ ਕਦੇ ਕਮੀ ਨਹੀਂ ਆਈ। ਨਿਸ਼ਚਿਤ ਰੂਪ ਨਾਲ ਈਕੋਫ੍ਰੈਂਡਲੀ ਅਤੇ ਸਸਤਾ ਸਾਧਨ ਹੋਣ ਕਾਰਣ ਸਾਈਕਲਿੰਗ ਦਾ ਕੋਈ ਸਾਨੀ ਨਹੀਂ ਹੈ। ਵਰਤਮਾਨ ਵਿਚ ਵੱਖ-ਵੱਖ ਆਕਰਸ਼ਕ ਰੰਗਾਂ ਦੇ ਨਾਲ ਹੀ ਗਿਅਰ ਅਤੇ ਸਾਕਰ ਨੇ ਸਾਈਕਲ ਚਾਲਕਾਂ ਦੇ ਲਈ ਮੁਸ਼ਕਿਲ ਅਤੇ ਪਥਰੀਲੇ ਰਾਹਾਂ ਨੂੰ ਵੀ ਸੌਖਾ ਬਣਾ ਦਿਤਾ ਹੈ। ■

# ਹਾਸਾ ਖੇਡਾ



ਭਿਖਾਰੀ ਔਰਤ ਨੂੰ - ਬੀਬੀ ਜੀ, ਸਵਾ ਰੋਟੀ ਦਾ ਸਵਾਲ ਹੈ।
ਔਰਤ - ਕੀ ਅੱਜ ਕੋਈ ਖਾਸ ਗੱਲ ਹੈ ਜੋ ਸਵਾ ਰੋਟੀ ਮੰਗ ਰਿਹਾ ਹੈ।
ਭਿਖਾਰੀ - ਜੀ, ਇਸ ਵਿਚ ਮਹਿੰਗਾਈ ਭੱਤਾ ਵੀ ਸ਼ਾਮਿਲ ਹੈ।

..........

ਕਵਿਤਾ : ਬਿੱਲੀ ਅਤੇ ਗਾਂ ਆਪਸ ਵਿੱਚ ਭੈਣਾਂ ਹਨ ਦੱਸੋ ਕਿਵੇਂ?
ਵਿਜੈ : ਪਤਾ ਨਹੀਂ ਦੀਦੀ।
ਕਵਿਤਾ : ਗਾਂ ਮਾਤਾ ਹੁੰਦੀ ਹੈ ਅਤੇ ਬਿੱਲੀ ਮਾਸੀ।

- ਗੁਰਚਰਨ ਆਨੰਦ



ਮਾਲਿਕ : (ਡਰਾਈਵਰ ਨੂੰ) ਤੁਸੀਂ ਅਚਾਨਕ ਕਾਰ ਐਨੀ ਤੇਜ਼ ਕਿਉਂ ਚਲਾਉਣ ਲਗੇ?
ਡਰਾਈਵਰ : ਸਰ! ਗੱਡੀ ਦਾ ਬ੍ਰੇਕ ਫੇਲ੍ਹ ਹੋ ਗਿਆ ਹੈ, ਇਸ ਤੋਂ ਪਹਿਲਾਂ ਕਿ ਕੁਝ ਹੋਵੇ ਅਸੀਂ ਜਲਦੀ ਨਾਲ ਘਰ ਪਹੁੰਚ ਜਾਂਦੇ ਹਾਂ।

..........

ਨਿਰਮਲਾ : (ਗੀਤਾ ਨੂੰ) ਕੀ ਗੱਲ ਮਟਰ-ਪਨੀਰ ਵਿੱਚ ਪਨੀਰ ਨਜ਼ਰ ਨਹੀਂ ਆ ਰਿਹਾ ਹੈ।
ਗੀਤਾ : ਕੀ ਤੂੰ ਕਦੇ ਗੁਲਾਬਜਾਮੁਨ ਵਿੱਚ ਜਾਮੁਨ ਵੇਖਿਆ ਹੈ?



..........

ਪਰਵੀਨ ਉਪਾਸਨਾ ਨੂੰ ਬੋਲਿਆ -
ਜਾਉ ਸ਼ੀਸ਼ਾ ਲੈ ਕੇ ਆਉ, ਮੈਂ ਆਪਣਾ ਚਿਹਰਾ ਵੇਖਣਾ ਹੈ।
ਉਪਾਸਨਾ ਖਾਲੀ ਹੱਥ ਆ ਕੇ ਬੋਲੀ -
ਪਰਵੀਨ ਕਿਸੇ ਵੀ ਸ਼ੀਸ਼ੇ ਵਿੱਚ ਆਪ ਦਾ ਚਿਹਰਾ ਦਿਖਾਈ ਨਹੀਂ ਦਿੱਤਾ। ਸਾਰਿਆਂ ਵਿੱਚ ਮੈਂ ਵੇਖਿਆ ਮੇਰਾ ਹੀ ਚਿਹਰਾ ਸੀ।

..........

ਭਿਖਾਰੀ : ਸੇਠ ਜੀ, ਮੈਨੂੰ ਕੁਝ ਦੇ ਦਿਉ, ਭਗਵਾਨ ਤੁਹਾਡਾ ਭਲਾ ਕਰੇਗਾ।
ਸੇਠ : ਤੇਰੇ ਕੋਲ 100 ਦਾ ਖੁੱਲ੍ਹਾ ਹੈ?
ਭਿਖਾਰੀ : ਹਾਂ ਹੈ ਨਾ।
ਸੇਠ : ਫਿਰ ਪਹਿਲਾਂ ਉਹ ਖਰਚ ਲੈ।

(ਮੁਸਕਾਨ)


ਇਕ ਵਾਰ ਤਾਊ ਇਕ ਸਿਨੇਮਾ ਹਾਲ ਵਿੱਚ ਫਿਲਮ ਵੇਖਣ ਗਿਆ। ਉਹ ਸਭ ਤੋਂ ਅਗੇ ਵਾਲੀ ਸੀਟ ਤੇ ਬੈਠ ਗਿਆ। ਫਿਲਮ ਸ਼ੁਰੂ ਹੋਈ। ਸਾਹਮਣੇ ਪਰਦੇ ਤੇ ਰੇਲਗੱਡੀ ਆਉਂਦੀ ਦਿਖਾਈ ਦਿੱਤੀ ਤਾਂ ਨੇੜੇ ਆਉਂਦੀ ਰੇਲਗੱਡੀ ਨੂੰ ਵੇਖ ਕੇ ਤਾਊ ਘਬਰਾ ਗਿਆ। ਉਹ ਫੌਰਨ ਆਪਣੀ ਸੀਟ ਤੋਂ ਖੜਾ ਹੋਇਆ ਅਤੇ ਡਰ ਦੇ ਮਾਰੇ ਚਿਲਾਉਂਦਾ ਹੋਇਆ ਹੱਥ ਹਿਲਾ ਕੇ ਜ਼ੋਰ ਨਾਲ ਬੋਲਿਆ ....

ਰੋਕੋ ! ਰੋਕੋ ! ਜਲਦੀ ਰੇਲ, ਅੱਗੇ ਲੋਕ ਬੈਠੇ ਫਿਲਮ ਦੇਖ ਰਹੇ ਨੇ, ਕਦੇ ਕਰ ਨਾ ਦਏ ਸਭ ਦਾ ਦਲੀਆ।'

..........

ਬੇਟਾ : ਪਾਪਾ-ਪਾਪਾ! ਅਗਰ ਚੰਨ ਤੇ ਆਬਾਦੀ ਹੋ ਗਈ ਤਾਂ ਕੀ ਹੋਵੇਗਾ?

ਪਾਪਾ : ਬੇਟਾ, ਹੋਵੇਗਾ ਕੀ ......? ਚੰਨ ਤੇ ਰਹਿਣ ਵਾਲੇ ਜੋ ਵੀ ਕੂੜਾ-ਕਰਕਟ ਉਥੋਂ ਸੁੱਟਣਗੇ, ਉਹ ਸਿੱਧਾ ਸਾਡੇ ਤੇ ਆ ਕੇ ਡਿਗੇਗਾ।

..........

ਬਾਸ : (ਨਵੇਂ ਕਰਮਚਾਰੀ ਨੂੰ) ਅਸੀਂ ਸਫ਼ਾਈ ਤੇ ਕਾਫੀ ਜ਼ੋਰ ਦਿੰਦੇ ਹਾਂ। ਕੀ ਆਪ ਨੇ ਅੰਦਰ ਆਉਣ ਤੋਂ ਪਹਿਲਾਂ ਪਾਏਦਾਨ ਤੇ ਪੈਰ ਸਾਫ਼ ਕੀਤੇ ਸਨ?

ਕਰਮਚਾਰੀ : ਯੈਸ ਸਰ।

ਬਾਸ : ਅਸੀਂ ਸੱਚ ਬੋਲਣ ਤੇ ਵੀ ਕਾਫ਼ੀ ਜ਼ੋਰ ਦਿੰਦੇ ਹਾਂ। ਬਾਹਰ ਕੋਈ ਪਾਇਦਾਨ ਹੀ ਨਹੀਂ ਹੈ।

– ਆਨੰਦ ਪ੍ਰਕਾਸ਼

ਅੰਗ੍ਰੇਜ਼ੀ ਵੀ ਬੜੀ ਅਜੀਬ ਭਾਸ਼ਾ ਹੈ। 'ਸੀ ਐਚ' (ch) ਨਾਲ ਕਦੇ 'ਚ' ਬੋਲਦੇ ਹਨ ਤਾਂ ਕਦੇ 'ਕ' ਬੋਲਿਆ ਜਾਂਦਾ ਹੈ।

ਇਸੇ ਤਰ੍ਹਾਂ ਸਾਡੇ ਇਕ ਦੋਸਤ ਮੈਡੀਕਲ ਵਿਭਾਗ ਵਿੱਚ ਕਿਸੇ ਨੂੰ ਮਿਲਣ ਗਏ ਤਾਂ ਉਹਨਾਂ ਨੇ ਉਥੇ ਡਿਊਟੀ ਦੇ ਰਹੇ ਡਾਕਟਰ ਚੋਪੜਾ ਤੋਂ ਪੁੱਛਿਆ – ਡਾਕਟਰ ਸਾਹਿਬ... ਇਹ... 'ਚੈਮਿਸਟਰੀ' ਡਿਪਾਰਟਮੈਂਟ ਕਿਧੱਰ ਹੈ?

ਡਾਕਟਰ ਬੋਲੇ – ਭਈ ਚੈਮਿਸਟਰੀ ਨਹੀਂ, 'ਕੈਮਿਸਟਰੀ' ਬੋਲਦੇ ਹਨ। 'ਸੀਐਚ' (ch) ਅਰਥਾਤ ਕ। ਸਮਝ ਗਏ?

ਸਮਝ ਗਿਆ ਡਾਕਟਰ ਸਾਹਿਬ- ਉਹ ਬੋਲਿਆ।- ਕੀ ਸਮਝੇ?

- ਇਹੀ ਕਿ ਆਪ ਚੋਪੜਾ ਨਹੀਂ ਬਲਕਿ ਕੋਪੜਾ ਹੋ।


..........

ਪਤਨੀ : ਐਜੀ ਸੁਣਦੇ ਹੋ ਗਵਾਂਢ ਦੀ ਰਿੰਕੀ ਨੂੰ ਮੈਥ ਵਿਚ 100 ਵਿਚੋਂ 99 ਨੰਬਰ ਮਿਲੇ ਹਨ।

ਪਤੀ : ਅੱਛਾ, ਤਾਂ ਇਕ ਨੰਬਰ ਕਿਥੇ ਗਿਆ?

ਪਤਨੀ : ਆਪਣਾ ਬੇਟਾ ਲੈ ਕੇ ਆਇਆ ਹੈ।

(ਬਬਲੂ)


❖ ਬਲਵਿੰਦਰ ਬਾਲਮ

# ਹਾਸਾ
## ਦਿੰਦਾ ਹੈ ਤੰਦਰੁਸਤੀ



ਲੱਖ ਦਵਾਈਆਂ ਦੀ ਇੱਕ ਦਵਾ,
ਲੈ ਕੇ ਤਾਂ ਵੇਖੋ ਇੱਕ ਦਫ਼ਾ।
ਤਨ-ਮਨ ਵਿਚ ਹੈ ਆਉਂਦੀ ਫੁਰਤੀ।
ਹਾਸਾ ਦਿੰਦਾ ਹੈ ਤੰਦਰੁਸਤੀ।

ਪਤਲੇ ਨੂੰ ਮੋਟਾ ਕਰ ਦੇਵੇ,
ਖਾਧੇ ਨੇ ਜਿਉ ਮਿੱਠੇ ਮੇਵੇ।
ਕੰਮ ਕਰਨ ਵਿਚ ਆਏ ਚੁਸਤੀ।
ਹਾਸਾ ਦਿੰਦਾ ਹੈ ਤੰਦਰੁਸਤੀ।

ਹਾਸ-ਵਿਅੰਗ ਦੇ ਜੋ ਚੁਟਕਲੇ।
ਹਾਸੇ ਵੰਡਦੇ ਖੁਲ੍ਹੇ-ਡੁੱਲੇ।
ਮਿਲਦੀ ਸੁੰਦਰਤਾ ਦੀ ਹੈ ਗੁੜਤੀ।
ਹਾਸਾ ਦਿੰਦਾ ਹੈ ਤੰਦਰੁਸਤੀ।

ਸੋਚਣ ਵਿਚ ਗਹਿਰਾਈ ਆਏ।
ਵਿਦਿਆ, ਵਿਚ ਬੁਲੰਦੀ ਪਾਏ।
ਸਦਾ ਇਕਾਗਰ ਹੋਏ ਸੁਰਤੀ।
ਹਾਸਾ ਦਿੰਦਾ ਹੈ ਤੰਦਰੁਸਤੀ।

'ਬਾਲਮ' ਹਾਸੇ ਵਿਚ ਖੇੜ੍ਹਾ ਹੋਵੇ।
ਜਿਉਂ ਮੱਖਣ ਵਿਚ ਪੇੜਾ ਹੋਵੇ।
ਖੁਸ਼ੀਆਂ ਦੇਵੇ ਜੱਦੀ ਪੁਸ਼ਤੀ।
ਹਾਸਾ ਦਿੰਦਾ ਹੈ ਤੰਦਰੁਸਤੀ।

ਪੇਸ਼ਕਸ਼ : ਵਿਕਾਸ ਅਰੋੜਾ

# ਸਾਧਾਰਣ ਗਿਆਨ ਪ੍ਰਸ਼ਨੋਤਰੀ



(ਸਭ ਪ੍ਰਸ਼ਨਾਂ ਦੇ ਉਤੱਰ 'ਡ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਚੁੱਕੋ ਅਤੇ ਪ੍ਰਸ਼ਨਚਿੰਨ੍ਹ ਤੋਂ ਬਾਅਦ ਉਤੱਰ ਲਿਖਦੇ ਜਾਓ।)

ਪ੍ਰਸ਼ਨ 1) ਦੇਹਰਾਦੂਨ ਕਿਸ ਭਾਰਤੀ ਰਾਜ ਦੀ ਰਾਜਧਾਨੀ ਹੈ?

ਪ੍ਰਸ਼ਨ 2) ਕਿਸ ਦੇਸ਼ ਦੀ ਕਰੰਸੀ ਨਿਊਜ਼ੀਲੈਂਡ ਡਾਲਰ ਹੈ?

ਪ੍ਰਸ਼ਨ 3) ਸਾਧਾਰਣ ਨਮਕ ਦਾ ਰਸਾਇਣਿਕ ਨਾਂ ਕੀ ਹੈ?

ਪਸ਼ਨ 4) ਮਹਾਤਮਾ ਗਾਂਧੀ ਨੇ ਵਕਾਲਤ ਦੀ ਪੜਾਈ ਕਿਸ ਦੇਸ਼ ਵਿਚ ਕੀਤੀ ਸੀ?

ਪ੍ਰਸ਼ਨ 5) ਸੀਮਿੰਟ ਉਦਯੋਗ ਲਈ ਪ੍ਰਸਿੱਧ ਸ਼ਹਿਰ ਸਿੰਦਰੀ ਕਿਸ ਭਾਰਤੀ ਰਾਜ ਵਿਚ ਹੈ?

ਪ੍ਰਸ਼ਨ 6) ਸਪੇਨ ਦੇਸ਼ ਦੀ ਰਾਜਧਾਨੀ ਦਾ ਕੀ ਨਾਂ ਹੈ?

ਪ੍ਰਸ਼ਨ 7) ਰਾਮਾਇਣ ਦੇ ਕਿਸ ਕਾਂਡ ਵਿਚ ਭਗਵਾਨ ਸ਼੍ਰੀਰਾਮ ਦੇ ਜਨਮ ਅਤੇ ਬਾਲ ਲੀਲਾ ਦਾ ਵਰਣਨ ਕੀਤਾ ਗਿਆ ਹੈ?

ਪ੍ਰਸ਼ਨ 8) ਕਿਸ ਦੇਸ਼ ਦੇ ਨਿਵਾਸੀਆਂ ਨੂੰ 'ਕਿਵੀ' ਕਿਹਾ ਜਾਂਦਾ ਹੈ?

ਪ੍ਰਸ਼ਨ 9) ਭਾਰਤ ਦਾ ਸਭ ਤੋਂ ਲੰਬਾ ਬੰਨ ਕਿਹੜਾ ਹੈ?

ਪ੍ਰਸ਼ਨ 10) ਕਿਸ ਦੇਸ਼ ਨੂੰ ਸਫੇਦ ਹਾਥੀਆਂ ਦੀ ਭੂਮੀ ਕਿਹਾ ਜਾਂਦਾ ਹੈ?

ਪ੍ਰਸ਼ਨ 11) ਛੱਤਰਪਤੀ ਸ਼ਿਵਾਜੀ ਦੀ ਪਹਿਲੀ ਰਾਜਧਾਨੀ ਕਿਹੜੀ ਸੀ?

ਪ੍ਰਸ਼ਨ 12) ਸੁੰਤਤਰਤਾ ਸੈਨਾਨੀ ਚੰਦਰਸ਼ੇਖਰ ਆਜ਼ਾਦ ਦੀ ਮੌਤ ਇਲਾਹਾਬਾਦ ਦੇ ਕਿਸ ਪਾਰਕ ਵਿਚ ਹੋਈ ਸੀ?

ਪ੍ਰਸ਼ਨ 13) ਯੂਰਪ ਦੇ ਕਿਸ ਦੇਸ਼ ਨੂੰ 'ਹਜ਼ਾਰ ਝੀਲਾਂ ਦੀ ਭੂਮੀ' ਕਿਹਾ ਜਾਂਦਾ ਹੈ?

ਪ੍ਰਸ਼ਨ 14) ਝੂਮਰੀਤਲਈਆ ਸ਼ਹਿਰ ਕਿਸ ਭਾਰਤੀ ਰਾਜ ਵਿਚ ਸਥਿਤ ਹੈ?

ਪ੍ਰਸ਼ਨ 15) ਪੇੜ-ਪੌਦੇ ਕਿਸ ਗੈਸ ਨੂੰ ਆਕਸੀਜਨ ਵਿਚ ਬਦਲਦੇ ਹਨ?

(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖੋ)

# ਕਿੱਟੀ



ਚਿੱਤਰਕਾਰ ਅਤੇ ਲੇਖਕ -
ਅਜੈ ਕਾਲੜਾ








ਮੈਂ ਤਾਂ ਬਾਹਰ ਚੱਲੀ। ਮੈਨੂੰ ਬਹੁਤ ਹੀ ਗਰਮੀ ਲਗ ਰਹੀ ਹੈ। ਬਾਏ ਮੰਮੀ ! ਮੈਂ ਜਾ ਰਹੀ ਹਾਂ।
ਕਿਉਂ ਨਾ ਮੈਂ ਕਿਸੇ ਸਵਿੰਮਿੰਗ ਪੂਲ ਕੋਲ ਜਾਵਾਂ? ਉਥੇ ਤਾਂ ਪਾਣੀ ਵੀ ਹੋਵੇਗਾ ਅਤੇ ਠੰਡਕ ਵੀ।
ਵਾਹ ! ਇਥੇ ਤਾਂ ਬਹੁਤ ਵਧੀਆ ਲੱਗ ਰਿਹਾ ਹੈ ਕਿਉਂ ਨਾ ਮੈਂ ਮੋਟੂ, ਮੋਲੀ ਅਤੇ ਚਿੰਟੂ ਨੂੰ ਵੀ ਇਥੇ ਬੁਲਾ ਲਵਾਂ? ਮੈਂ ਹੁਣੇ ਫੋਨ ਕਰਦੀ ਹਾਂ।


ਕੀ ਤੁਸੀਂ ਲੋਕ ਵੀ ਸਵਿੰਮਿੰਗ ਪੂਲ ਦੇ ਕੋਲ ਆਉਣਾ ਚਾਹੋਗੇ? ਇਥੇ ਬਹੁਤ ਠੰਡਕ ਹੈ।
ਹਾਂ! ਅਸੀਂ ਲੋਕ ਵੀ ਉਥੇ ਆਉਂਦੇ ਹਾਂ। ਅਸੀਂ ਸਾਰੇ ਮਿਲ ਕੇ ਬਹੁਤ ਮਜੇ ਕਰਾਂਗੇ ਅਤੇ ਗਰਮੀ ਦਾ ਪੂਰਾ ਲੁਤਫ ਉਠਾਵਾਂਗੇ।
ਕਿੱਟੀ ! ਅਸੀਂ ਸਾਰੇ ਆ ਗਏ।
ਵਾਹ! ਇਥੇ ਤਾਂ ਸੱਚ ਵਿੱਚ ਬਹੁਤ ਵਧੀਆ ਲਗ ਰਿਹਾ ਹੈ।
ਕਿਉਂ ਨਾ ਅਸੀਂ ਸਾਰੇ ਮਿਲ ਕੇ ਬਾਲ ਖੇਡੀਏ?
ਹਾਂ! ਹਾਂ! ਕਿਉਂ ਨਹੀਂ।


ਇਸ ਵਿੱਚ ਪ੍ਰੇਸ਼ਾਨ ਹੋਣ ਵਾਲੀ ਕੀ ਗੱਲ ਹੈ। ਮੈਨੂੰ ਸਵਿੰਮਿੰਗ ਆਉਂਦੀ ਹੈ। ਮੈਂ ਕੱਢ ਸਕਦੀ ਹਾਂ।
ਉਹੋ ! ਬਾਲ ਤਾਂ ਪਾਣੀ ਵਿੱਚ ਗਈ। ਹੁਣ ਕਿਵੇਂ ਨਿਕਲੇਗੀ?
ਵਾਹ! ਕਿੱਟੀ ਤੂੰ ਤਾਂ ਬਹੁਤ ਹੁਸ਼ਿਆਰ ਹੈ।
ਇਹ ਲਉ ਬਾਲ ਆ ਗਈ।
ਇਸ ਵਿੱਚ ਹੁਸ਼ਿਆਰੀ ਵਾਲੀ ਕਿਹੜੀ ਗੱਲ ਹੈ। ਸਾਨੂੰ ਸਮਾਂ ਰਹਿੰਦੇ ਸਾਰੇ ਕੰਮ ਆਉਣੇ ਚਾਹੀਦੇ ਹਨ। ਸਾਨੂੰ ਕਦੇ ਵੀ ਕਿਸੇ ਵੀ ਕੰਮ ਦੀ ਲੋੜ ਪੈ ਸਕਦੀ ਹੈ।
ਹੁਣ ਅਸੀਂ ਵੀ ਸਵਿੰਮਿੰਗ ਸਿੱਖਾਂਗੇ।
ਕੀ ਤੁਸੀਂ ਸਾਰੇ ਕੋਲਡ ਡ੍ਰਿੰਕ ਪੀਉਗੇ?
ਹਾਂ! ਹਾਂ! ਕਿਉਂ ਨਹੀਂ?
ਕਿੱਟੀ ਅੱਜ ਤਾਂ ਸੱਚ ਵਿੱਚ ਮਜਾ ਆ ਗਿਆ। ਅਸੀਂ ਸਾਰੇ ਗਰਮੀ ਦੇ ਦਿਨਾਂ ਵਿੱਚ ਵੀ ਐਨਾ ਮਜਾ ਕਰ ਸਕਦੇ ਹਾਂ, ਇਹ ਕਦੇ ਸੋਚਿਆ ਨਹੀ ਸੀ।



ਕਹਾਣੀ : ਡਾ: ਵਿਜੈਪ੍ਰਕਾਸ਼

# ਕਦੇ ਹੰਕਾਰ ਨਹੀਂ ਕਰਨਾ

ਇਕ ਪਿੰਡ ਵਿੱਚ ਇਕ ਮੂਰਤੀਕਾਰ ਰਹਿੰਦਾ ਸੀ। ਉਹ ਮਿੱਟੀ ਦੀਆਂ ਬਹੁਤ ਹੀ ਸੁੰਦਰ ਮੂਰਤੀਆਂ ਬਣਾਉਂਦਾ, ਜੋ ਵੀ ਲੋਕ ਉਨ੍ਹਾਂ ਮੂਰਤੀਆਂ ਨੂੰ ਵੇਖਦੇ ਵਾਹ-ਵਾਹ ਕਰ ਉਠਦੇ। ਉਸਦੇ ਹੱਥ ਦਾ ਕੌਸ਼ਲ ਅਤੇ ਮਹਾਰਤ ਇਲਾਕੇ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਸੀ। ਮੂਰਤੀਕਾਰ ਦੀਆਂ ਮੂਰਤੀਆਂ ਚੰਗੀ ਕੀਮਤ ਵਿੱਚ ਵਿਕਦੀਆਂ ਸਨ। ਪਰਿਵਾਰ ਦਾ ਪਾਲਣ-ਪੋਸ਼ਣ ਵਧੀਆ ਢੰਗ ਨਾਲ ਹੋ ਰਿਹਾ ਸੀ।

ਉਸ ਮੂਰਤੀਕਾਰ ਦਾ ਇਕ ਪੁੱਤਰ ਸੀ। ਮੂਰਤੀਕਾਰ ਪਿਤਾ ਉਸ ਨੂੰ ਵੀ ਆਪਣੀ ਉਸੇ ਕਲਾ ਵਿੱਚ ਨਿਪੁੰਨ ਬਣਾਉਣਾ ਚਾਹੁੰਦਾ ਸੀ। ਇਸ ਲਈ ਪੁੱਤਰ ਨੂੰ ਵੀ ਸਿਖਾਉਣਾ ਸ਼ੁਰੂ ਕਰ ਦਿੱਤਾ। ਪੁੱਤਰ ਨੇ ਉਸ ਮੂਰਤੀ ਬਣਾਉਣ ਦੀ ਕਲਾ ਵਿੱਚ ਰੁਚੀ ਵਿਖਾਈ, ਉਹ ਉਸ ਦੀਆਂ ਬਰੀਕੀਆਂ ਨੂੰ ਸਮਝ ਕੇ ਉਤਸ਼ਾਹਪੂਰਵਕ ਉਸਦੀ ਪ੍ਰੈਕਟਿਸ ਕਰਨ ਵਿੱਚ ਮਗਨ ਰਹਿਣ ਲੱਗਾ।

ਪੁੱਤਰ ਕੁਝ ਹੋਰ ਵੱਡਾ ਹੋਇਆ ਤਾਂ ਉਸਨੂੰ ਆਪਣੇ ਕੰਮ ਵਿੱਚ ਚੰਗੀ ਸਫਲਤਾ ਮਿਲਣ ਲੱਗੀ। ਇਥੋਂ ਤਕ ਕਿ ਉਸ ਦੀਆਂ ਮੂਰਤੀਆਂ ਪਿਤਾ ਦੀ ਤੁਲਨਾ ਵਿੱਚ ਜ਼ਿਆਦਾ ਕੀਮਤ ਵਿੱਚ ਲੋਕ ਖਰੀਦਣ ਲੱਗੇ। ਇਹ ਉਚਿਤ ਵੀ ਸੀ, ਇਕ ਤਾਂ ਸਿੱਖਣ ਦੀ ਕੋਸ਼ਿਸ਼, ਦੂਸਰੇ ਪੁੱਤਰ ਦੀ ਜਨਮਜਾਤ ਪ੍ਰਤਿਭਾ ਦਿਨੋ-ਦਿਨ ਨਿਖਾਰ ਲਿਆ ਰਹੀ ਸੀ। ਪੁੱਤਰ ਦੀ ਪ੍ਰਸਿੱਧੀ ਵਧਦੀ ਚਲੀ ਗਈ।

ਪੁੱਤਰ ਰੋਜ਼ ਆਪਣੀਆਂ ਮੂਰਤੀਆਂ ਨੂੰ ਬਣਾ ਕੇ ਪਿਤਾ ਨੂੰ ਵਿਖਾਉਂਦਾ ਅਤੇ ਫਿਰ ਉਸ ਵਿੱਚ ਗੁਣ ਦੋਸ਼ ਦੀ ਚਰਚਾ ਕਰਦਾ। ਉਹਨਾਂ ਦੀ ਵਿਕਰੀ ਦੀ ਰਕਮ ਵਿਖਾਉਂਦਾ ਅਤੇ ਪਿਤਾ ਤੋਂ ਪ੍ਰਸੰਸਾ ਦੀ ਪੂਰਣ ਉਮੀਦ ਰੱਖਦਾ। ਪਿਤਾ ਉਸਦੀ ਲਗਨ ਦੀ ਪ੍ਰਸੰਸਾ ਤਾਂ ਕਰਦਾ, ਪਰ ਨਾਲ ਹੀ ਜੋ ਕਮੀ ਹੁੰਦੀ ਉਸਦਾ ਹੱਲ ਵੀ ਦੱਸਦਾ।

ਹੁਣ ਰੋਜ਼ ਹੀ ਆਪਣੀਆਂ ਕਮੀਆਂ ਸੁਣ ਕੇ ਪੁੱਤਰ ਨੂੰ ਬੁਰਾ ਲੱਗਣ ਲੱਗਾ। ਆਖਿਰ ਇਕ ਦਿਨ



ਨਹੀਂ ਹੋਵੇਗੀ, ਤੇਰੀ ਹੋਰ ਪ੍ਰਸਿੱਧੀ ਹੋਣ ਅਤੇ ਹੋਰ ਜ਼ਿਆਦਾ ਕੀਮਤ ਅਤੇ ਸੁਧਾਰ ਦੀ ਜੋ ਸੰਭਾਵਨਾ ਹੈ, ਉਹ ਖਤਮ ਹੋ ਜਾਏਗੀ। ਨੁਕਤਾਚੀਨੀ ਹੀ ਸੁਧਾਰ ਦਾ ਤਰੀਕਾ ਹੈ, ਅਗਰ ਉਹ ਬੰਦ ਹੋ ਗਈ ਤਾਂ ਤਰੱਕੀ ਦਾ ਰਸਤਾ ਵੀ ਰੁੱਕ ਜਾਂਦਾ ਹੈ।''

ਖਿਝ ਕੇ ਉਸ ਨੇ ਮੂਰਤੀਕਾਰ ਪਿਤਾ ਨੂੰ ਕਹਿ ਹੀ ਦਿੱਤਾ, – ''ਪਿਤਾ ਜੀ! ਮੈਂ ਐਨੀ ਕੋਸ਼ਿਸ਼ ਕਰਦਾ ਹਾਂ, ਪਰ ਆਪ ਕੁਝ ਨਾ ਕੁਝ ਕਮੀ ਕੱਢ ਦਿੰਦੇ ਹੋ। ਮੇਰੀਆਂ ਬਣਾਈਆਂ ਮੂਰਤੀਆਂ ਆਪ ਦੀਆਂ ਮੂਰਤੀਆਂ ਨਾਲੋਂ ਵੀ ਜ਼ਿਆਦਾ ਕੀਮਤ ਦਿੰਦੀਆਂ ਹਨ ਫਿਰ ਵੀ ਆਪ ਉਸ ਵਿੱਚ ਦੋਸ਼ ਕਿਉਂ ਕੱਢਦੇ ਹੋ? ਮੈਨੂੰ ਇਸਦਾ ਕਾਰਨ ਨਹੀਂ ਸਮਝ ਵਿੱਚ ਆ ਰਿਹਾ, ਕਦੇ ਤਾਂ ਚੰਗਿਆਈ ਵੀ ਵੇਖਿਆ ਕਰੋ।''

ਇਹ ਸੁਣ ਕੇ ਪਿਤਾ ਨੂੰ ਬਹੁਤ ਦੁੱਖ ਹੋਇਆ। ਉਹ ਚੁੱਪ ਹੀ ਰਿਹਾ। ਜਦ ਪੁੱਤਰ ਬਾਜ਼ਾਰ ਗਿਆ ਤਾਂ ਵੀ ਉਹ ਦੁੱਖੀ ਮਨ ਨਾਲ ਲੇਟਿਆ ਰਿਹਾ ਅਤੇ ਭੋਜਨ ਨਹੀਂ ਕੀਤਾ।

ਪੁੱਤਰ ਜਦ ਬਾਜ਼ਾਰ ਤੋਂ ਵਾਪਸ ਆਇਆ ਤਾਂ ਉਸ ਨੂੰ ਦੁਖੀ ਪਿਤਾ ਬਾਰੇ ਸੂਚਨਾ ਮਿਲੀ। ਪੁੱਤਰ ਨੂੰ ਆਪਣੇ ਕੀਤੇ ਤੇ ਪਛਤਾਵਾ ਹੋਇਆ ਕਿ ਉਸਨੇ ਆਪਣੇ ਪਿਤਾ ਦੀ ਗੱਲ ਦਾ ਬੁਰਾ ਕਿਉਂ ਮਨਾਇਆ। ਉਹ ਆਪਣੇ ਦੁਖੀ ਪਿਤਾ ਤੋਂ ਮਾਫ਼ੀ ਮੰਗਣ ਗਿਆ ਅਤੇ ਭੋਜਨ ਕਰਨ ਦੀ ਬੇਨਤੀ ਕੀਤੀ।

ਮੂਰਤੀਕਾਰ ਪਿਤਾ ਨੇ ਦੁਖੀ ਮਨ ਨਾਲ ਕਿਹਾ, ਸਵਾਲ ਇਹ ਨਹੀਂ ਹੈ ਕਿ ਤੂੰ ਕੀ ਕਿਹਾ ਅਤੇ ਮੈਨੂੰ ਕਿਵੇਂ ਲੱਗਾ? ਸੱਚ ਤਾਂ ਇਹ ਹੈ ਕਿ ਅਗਰ ਤੂੰ ਮੇਰੀ ਨੁਕਤਾਚੀਨੀ ਦਾ ਬੁਰਾ ਮਨਾਏਂਗਾ ਤਾਂ ਤੇਰੀਆਂ ਮੂਰਤੀਆਂ ਵਿੱਚ ਜੋ ਥੋੜੀ-ਬਹੁਤ ਕਮੀ ਹੈ, ਦੂਰ

ਮੂਰਤੀਕਾਰ ਪਿਤਾ ਦੀ ਗੱਲ ਬਿਲਕੁਲ ਠੀਕ ਸੀ। ਪੂਰਣਤਾ ਦਾ ਹੰਕਾਰ ਹੋਣ ਤੇ ਮਨੁੱਖ ਆਪਣੇ ਦੋਸ਼ ਲੱਭਣਾ ਤਾਂ ਦੂਰ, ਉਹਨਾਂ ਨੂੰ ਦੱਸਣ ਤੇ ਉਲਟਾ ਕਰੋਧੀ ਹੋ ਜਾਂਦਾ ਹੈ। ਫਲਸਰੂਪ ਉਸਦੀ ਤਰੱਕੀ ਉਥੇ ਰੁੱਕ ਜਾਂਦੀ ਹੈ।

ਪੁੱਤਰ ਨੇ ਹਕੀਕਤ ਨੂੰ ਜਾਣਿਆ ਅਤੇ ਰੋਜ ਆਪਣੀ ਮੂਰਤੀ ਨਿਰਮਾਣ ਵਿੱਚ ਪਿਤਾ ਤੋਂ ਹੀ ਨਹੀਂ, ਜਾਣਕਾਰਾਂ ਅਤੇ ਗਾਹਕਾਂ ਤੋਂ ਵੀ ਨਿਮਰਤਾ ਨਾਲ ਪੁੱਛਣ ਲੱਗਾ। ਗਲਤੀ ਪੁੱਛਣ ਅਤੇ ਸੁਧਾਰਣ ਦੀ ਸੋਚ ਨੇ ਉਹਨੂੰ ਸਰਵੋਤਮ ਮੂਰਤੀਕਾਰ ਬਣਾ ਦਿਤਾ।

ਕਿਸੇ ਵੀ ਖੇਤਰ ਵਿੱਚ, ਪ੍ਰਗਤੀ ਦੀ ਜਿਸ ਨੂੰ ਵੀ ਚਾਹਤ ਹੋਵੇ, ਇਹੀ ਇਕ ਮਾਤਰ ਸਹੀ ਮਾਰਗ ਹੈ ਉਸਦਾ ਕਿ ਆਤਮ-ਪੜਚੋਲ ਕੀਤੀ ਜਾਏ ਜਾਂ ਮਾਰਗਦਰਸ਼ਨ ਮੰਗਿਆ ਜਾਏ। ਹਰੇਕ ਦ੍ਰਿਸ਼ਟੀ ਨਾਲ ਇਹ ਰੀਤੀ-ਨੀਤੀ ਦੂਰਦ੍ਰਿਸ਼ਟੀ ਵਾਲੀ ਸਿੱਧ ਹੁੰਦੀ ਹੈ।



❖ ਭਾਨੂਦਤ ਤ੍ਰਿਪਾਠੀ
ਪੰਜਾਬੀ ਰੂਪ - ਸੁਰਿੰਦਰ ਰੰਧਾਵਾ

# ਸੁਣ ਭਾਈ! ਸੁਣ



ਸੁਣ ਭਾਈ ! ਸੁਣ,
ਸੁਣ ਭਾਈ ! ਸੁਣ।

ਮਾਨਵ-ਤਨ ਦੀ ਮਹਿਮਾ ਜਾਣ,
ਆਪਣੇ ਜੀਵਨ ਨੂੰ ਪਹਿਚਾਣ।
ਕਰੇ ਕਰਮ ਜੋ ਧਰਮ-ਪ੍ਰਧਾਨ,
ਜਗ ਵਿਚ ਮਾਨਵ ਉਹੀ ਮਹਾਨ।
ਮਨ ਦਾ ਕਰ ਸੁਧਾਰ ਸਦਾ,
ਸਦਭਾਵਾਂ ਦੇ ਮੋਤੀ ਚੁਣ।
ਸੁਣ ਭਾਈ ! ਸੁਣ,
ਸੁਣ ਭਾਈ ਸੁਣ।

ਮਾਨਵ-ਧਰਮ ਹੈ ਮਾਨਵਤਾ,
ਸਮਝ ਲੈ ਤੂੰ ਵੀ ਮਾਨਵਤਾ।
ਕਰ ਸੱਚੇ-ਨਿਆਂ ਵਾਲੇ ਕਰਮ,
ਇਸ ਨੂੰ ਕਹਿੰਦੇ ਮਾਨਵਤਾ।
ਭਾਰਤ ਮਾਂ ਦਾ ਉਹੀ ਸਪੂਤ
ਜਿਸ ਵਿਚ ਦੇਸ਼-ਭਗਤੀ ਦੀ ਧੁਨ।
ਸੁਣ ਭਾਈ ! ਸੁਣ,
ਸੁਣ ਭਾਈ ! ਸੁਣ।


ਸਭ ਸੁੱਖਾਂ ਦਾ ਜੋ ਹੈ ਸਾਰ,
ਉਹ ਹੈ ਸੱਚਾ ਪ੍ਰੇਮ ਪ੍ਰਸਾਰ।
ਤੂੰ ਕਰਕੇ ਸੇਵਾ-ਉਪਕਾਰ,
ਕਰ ਲੈ ਜੀਵਨ ਦਾ ਸ਼ਿੰਗਾਰ।
ਪ੍ਰੇਮਾ-ਭਗਤੀ ਨੂੰ ਅਪਨਾ ਕੇ,
ਵੈਰ-ਈਰਖਾ ਛੱਡ ਦੇ ਹੁਣ।
ਸੁਣ ਭਾਈ ! ਸੁਣ,
ਸੁਣ ਭਾਈ ! ਸੁਣ।






- ਉਦਯਪੁਰ ਨੂੰ ਝੀਲਾਂ ਦੀ ਨਗਰੀ ਵੀ ਕਿਹਾ ਜਾਂਦਾ ਹੈ।
- ਪੀ.ਟੀ ਊਸ਼ਾ ਨੂੰ ਉਡਨ ਪਰੀ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।
- ਅਰਜੁਨ ਪੁਰਸਕਾਰ ਦੀ ਸ਼ੁਰੂਆਤ ਸੰਨ 1961 ਵਿਚ ਹੋਈ ਸੀ।
- ਮੈਗਸੇਸੇ ਪੁਰਸਕਾਰ ਲੈਣ ਵਾਲੇ ਪਹਿਲੇ ਭਾਰਤੀ ਵਿਨੋਬਾ ਭਾਵੇ ਸਨ।
- ਹਰਿਆਣਾ ਦੀ ਪ੍ਰਸਿਧ ਲੋਕਨਾਚ ਕਲਾ ਸਵਾਂਗ ਮੰਨੀ ਜਾਂਦੀ ਹੈ।
- ਭਾਰਤ ਵਿਚ ਕੁਲ 24 ਹਾਈਕੋਰਟਸ ਹਨ।
- ਭਾਰਤ ਦਾ ਅੰਤਿਮ ਮੁਗਲ ਸਮਰਾਟ ਬਹਾਦਰ ਸ਼ਾਹ ਜ਼ਫਰ ਸੀ।
- ਤੰਬਾਕੂ ਉਤੇ ਪੂਰੀ ਤਰ੍ਹਾਂ ਪ੍ਰਤਿਬੰਧ ਲਗਾਉਣ ਵਾਲਾ ਵਿਸ਼ਵ ਦਾ ਪਹਿਲਾ ਦੇਸ਼ ਭੂਟਾਨ ਹੈ।
- ਮੁਨਸ਼ੀ ਪ੍ਰੇਮਚੰਦ ਦੀ ਪ੍ਰਸਿੱਧ ਰਚਨਾ ਗੋਦਾਨ ਹੈ।
- ਅੰਗਰੇਜ਼ੀ 'ਈਸਟ ਇੰਡੀਆ ਕੰਪਨੀ' ਨੇ ਭਾਰਤ ਵਿਚ ਆਪਣਾ ਪਹਿਲਾ ਕਾਰਖਾਨਾ ਸੂਰਤ (ਗੁਜਰਾਤ) ਵਿਚ ਲਗਾਇਆ ਸੀ।
- ਅਬੁਲ ਫਜ਼ਲ ਦੀ ਪ੍ਰਸਿੱਧ ਪੁਸਤਕ 'ਆਈਨੇ ਅਕਬਰੀ' ਹੈ।
- ਲਿਉਨਾਰਦੋ-ਦਾ-ਵਿੰਚੀ ਦੀ ਵਿਸ਼ਵ ਪ੍ਰਸਿੱਧ ਪੇਂਟਿੰਗ ਮੋਨਾਲੀਸਾ ਹੈ।
- ਧਰਤੀ ਦਾ ਦੋ - ਤਿਹਾਈ ਹਿੱਸਾ ਪਾਣੀ ਦੋ ਤੱਤਾਂ ਭਾਵ ਹਾਈਡ੍ਰੋਜਨ ਅਤੇ ਆਕਸੀਜਨ ਤੋਂ ਬਣਦਾ ਹੈ।
- ਚੰਦ ਉਪਗ੍ਰਹਿ ਤੇ ਸਭ ਤੋਂ ਪਹਿਲਾਂ ਆਰਮਸਟਰਾਂਗ ਪਹੁੰਚਿਆ ਸੀ।
- ਉੱਤਰੀ ਧਰੁਵ ਅਤੇ ਦੱਖਣੀ ਧਰੁਵ ਵਿਚ ਛੇ ਮਹੀਨੇ ਦਿਨ ਅਤੇ ਛੇ ਮਹੀਨੇ ਰਾਤ ਹੁੰਦੀ ਹੈ।
- ਬਿਜਲੀ ਦੇ ਬਲਬ ਨੂੰ ਸਭ ਤੋਂ ਪਹਿਲਾਂ ਥੋਮਸ ਅਲਵਾ ਐਡੀਸਨ ਨੇ ਬਣਾਇਆ ਸੀ।
- ਧਰਤੀ ਸੂਰਜ ਦੁਆਲੇ 365 ਦਿਨ ਅਤੇ ਲਗਭਗ 6 ਘੰਟੇ ਵਿਚ ਚੱਕਰ ਲਾਉਂਦੀ ਹੈ।

ਸੰਗ੍ਰਹਿਕਰਤਾ - ਵਿਭਾ ਵਰਮਾ



❖ ਅਮਨਪ੍ਰੀਤ

# ਬੁੱਧੀਮਾਨ ਰਾਜਾ

ਕਾਫ਼ੀ ਸਮਾਂ ਪਹਿਲਾਂ ਦੀ ਗੱਲ ਹੈ। ਇੱਕ ਰਾਜ ਵਿੱਚ ਇੱਕ ਅਜੀਬ ਕਿਸਮ ਦੀ ਪ੍ਰਥਾ ਪ੍ਰਚਲਿਤ ਸੀ। ਉਥੋਂ ਦੇ ਲੋਕ ਆਪਣੇ ਰਾਜੇ ਨੂੰ ਦੋ ਸਾਲ ਬਾਅਦ ਰਾਜੇ ਦੀ ਪਦਵੀਂ ਤੋਂ ਹਟਾ ਦਿੰਦੇ ਸਨ ਅਤੇ ਉਸ ਰਾਜੇ ਨੂੰ ਸਨਮਾਨਪੂਰਵਕ ਇੱਕ ਵੱਡੀ ਨਦੀ ਨੂੰ ਪਾਰ ਕਰਕੇ ਇੱਕ ਘਣੇ ਜੰਗਲ ਵਿੱਚ ਛੱਡ ਦਿੰਦੇ ਸਨ। ਜੋ ਵੀ ਉਸ ਜੰਗਲ ਵਿੱਚ ਜਾਂਦਾ ਸੀ ਮੁੜ ਕੇ ਕਦੇ ਵੀ ਵਾਪਿਸ ਨਹੀਂ ਆਉਂਦਾ ਸੀ ਕਿਉਂਕਿ ਉਸ ਜੰਗਲ ਵਿੱਚ ਬਹੁਤ ਭਿਆਨਕ ਕਿਸਮ ਦੇ ਜਾਨਵਰ ਰਹਿੰਦੇ ਸਨ। ਜਦੋਂ ਉਹ ਲੋਕ ਆਪਣੇ ਰਾਜੇ ਨੂੰ ਜੰਗਲ ਲਈ ਲੈ ਕੇ ਜਾ ਰਹੇ ਹੁੰਦੇ ਸਨ ਤਾਂ ਉਹ ਰਾਜਾ ਬਹੁਤ ਰੋਂਦਾ ਸੀ। ਇੱਧਰ-ਉੱਧਰ ਭੱਜਦਾ ਸੀ ਪਰ ਜੋ ਜਿਆਦਾ ਹੀ ਭੱਜਣ ਦੀ ਕੋਸ਼ਿਸ਼ ਕਰਦਾ ਤਾਂ ਉਸ ਨੂੰ ਸਜਾ ਵੀ ਦਿੱਤੀ ਜਾਂਦੀ ਸੀ ਅਤੇ ਉਸਦੀ ਮੰਜ਼ਿਲ ਤੱਕ ਪਹੁੰਚਾ ਦਿੰਦੇ ਸਨ। ਜਦੋਂ ਉਹ ਲੋਕ ਵਾਪਿਸ ਪਰਤਦੇ ਸਨ ਤਾਂ ਉਹਨਾਂ ਨੂੰ ਜੋ ਵੀ ਪਹਿਲਾ ਇਨਸਾਨ ਮਿਲਦਾ ਸੀ ਉਹ ਉਸ ਨੂੰ ਰਾਜਾ ਬਣਾ ਦਿੰਦੇ ਸਨ। ਜੋ ਵੀ ਰਾਜਾ ਬਣਦਾ ਸੀ ਉਹ ਦੋ ਸਾਲ ਪੂਰਾ ਆਨੰਦ ਮਾਣਦਾ, ਹੱਸਦਾ ਖੇਡਦਾ ਕਿਉਂਕਿ ਉਸ ਨੂੰ ਪਤਾ ਹੁੰਦਾ ਸੀ ਕਿ ਦੋ ਸਾਲ ਬਾਅਦ ਉਹਦਾ ਅੰਤ ਨਿਸ਼ਚਿਤ ਹੈ। ਜੋ ਵੀ ਰਾਜਾ ਬਣਿਆ ਹੁੰਦਾ ਸੀ ਉਸ ਨੂੰ ਪਤਾ ਹੀ ਨਹੀਂ ਲੱਗਦਾ ਸੀ ਕਿ ਦੋ ਸਾਲ ਕਦੋਂ ਬਤੀਤ ਹੋ ਗਏ। ਉਹ ਦੁਨੀਆਦਾਰੀ ਵਿੱਚ ਹੀ ਆਪਣਾ ਜੀਵਨ ਲੰਘਾ ਦਿੰਦਾ ਸੀ।


ਇੱਕ ਵਾਰ ਉਹੀ ਲੋਕ ਇੱਕ ਰਾਜੇ ਨੂੰ ਜੰਗਲ ਛੱਡਣ ਤੋਂ ਬਾਅਦ ਵਾਪਿਸ ਪਰਤ ਰਹੇ ਸਨ। ਜਦੋਂ ਉਹ ਨਦੀ ਦੇ ਕਿਨਾਰੇ ਤੇ ਪਹੁੰਚੇ ਤਾਂ ਉਹਨਾਂ ਨੂੰ ਇੱਕ ਇਨਸਾਨ ਮੱਛੀਆਂ ਫੜਦਾ ਨਜ਼ਰ ਆਇਆ। ਉਹਨਾਂ ਨੇ ਉਸ ਨੂੰ ਫੜ ਲਿਆ ਅਤੇ ਕਿਹਾ ਕਿ ਅਸੀਂ ਤੈਨੂੰ ਆਪਣੇ ਰਾਜ ਦਾ ਰਾਜਾ ਬਣਾਉਣਾ ਹੈ। ਸਾਡੇ ਨਾਲ ਚੱਲ ਕਿਉਂਕਿ ਸਾਡੇ ਰਾਜ ਦੀ ਪ੍ਰਥਾ ਹੈ ਕਿ ਇੱਕ ਰਾਜੇ ਨੂੰ ਛੱਡਣ ਤੋਂ ਬਾਅਦ ਜੋ ਵੀ ਸਾਨੂੰ ਪਹਿਲਾ ਇਨਸਾਨ ਮਿਲਦਾ ਹੈ ਉਸ ਨੂੰ ਅਸੀਂ ਆਪਣਾ ਰਾਜਾ ਘੋਸ਼ਿਤ ਕਰਦੇ ਹਾਂ। ਪਹਿਲਾਂ ਤਾਂ

ਉਹ ਬਿਲਕੁਲ ਰਾਜ਼ੀ ਨਾ ਹੋਇਆ ਪਰ ਬਾਅਦ ਵਿੱਚ ਉਸਨੂੰ ਸਭ ਕੁਝ ਕਬੂਲਣਾ ਪਿਆ। ਉਸਨੂੰ ਸਭ ਕੁਝ ਸਮਝਾ ਦਿੱਤਾ ਗਿਆ ਕਿ ਦੋ ਸਾਲ ਬਾਅਦ ਤੈਨੂੰ ਰਾਜੇ ਦੀ ਪਦਵੀਂ ਤੋਂ ਹਟਾ ਦਿੱਤਾ ਜਾਵੇਗਾ ਅਤੇ ਇੱਕ ਘਣੇ ਜੰਗਲ ਭੇਜ ਦਿੱਤਾ ਜਾਵੇਗਾ। ਉਹ ਇਨਸਾਨ ਕਾਫ਼ੀ ਦਲੇਰ ਸੀ। ਇਹ ਗੱਲ ਸੁਣ ਕੇ ਉਹ ਬਿਲਕੁਲ ਨਹੀਂ ਘਬਰਾਇਆ। ਆਖਿਰ ਉਸ ਨੂੰ ਰਾਜਾ ਬਣਾ ਦਿੱਤਾ ਅਤੇ ਰਾਜ ਸੰਭਾਲ ਦਿੱਤਾ।

ਉਹ ਆਦਮੀ ਰਾਜੇ ਦੀ ਪਦਵੀ ਤੇ ਖੁਸ਼ ਸੀ ਕਿਉਂਕਿ ਉਹ ਸੋਚਦਾ ਸੀ ਕਿ ਇਸ ਜ਼ਿੰਦਗੀ ਦਾ ਕੀ ਭਰੋਸਾ ਹੈ। ਅੱਜ ਹੈ ਕੱਲ ਨਹੀਂ। ਉਹ ਇਨਸਾਨ ਰਾਜ ਨੂੰ ਸੰਭਾਲਦਾ ਰਿਹਾ। ਇੱਕ ਦਿਨ ਉਹ ਬੈਠਾ ਸੋਚ ਰਿਹਾ ਸੀ। ਉਸਨੂੰ ਉਹੀ ਗੱਲ ਯਾਦ ਆ ਗਈ ਕਿ ਮੈਨੂੰ ਦੋ ਸਾਲ ਬਾਅਦ ਹੀ ਹਟਾ ਦਿੱਤਾ ਜਾਵੇਗਾ ਅਤੇ ਇੱਕ ਘਣੇ ਜੰਗਲ ਭੇਜ ਦਿੱਤਾ ਜਾਵੇਗਾ। ਉਸ ਨੇ ਆਪਣੇ ਮਨ'ਚ ਸੋਚਿਆ ਕਿ ਕਿਉਂ ਨਾ ਮੈਂ ਉਸ ਜਗ੍ਹਾ ਨੂੰ ਜਾ ਕੇ ਦੇਖਾਂ ਜਿਥੇ ਮੈਨੂੰ ਦੋ ਸਾਲ ਬਾਅਦ ਭੇਜਣਾ ਹੈ। ਜਿੱਥੇ ਮੇਰੀ ਆਖਰੀ ਮੰਜ਼ਿਲ ਹੈ।

ਉਹ ਰਾਜਾ ਆਪਣੇ ਕੁਝ ਸੈਨਿਕਾਂ ਨੂੰ ਆਪਣੇ ਨਾਲ ਲੈ ਕੇ ਉਸ ਵੱਡੀ ਨਦੀ ਨੂੰ ਪਾਰ ਕਰਕੇ ਜੰਗਲ ਵੱਲ ਚੱਲ ਪਿਆ। ਜਦੋਂ ਰਾਜਾ ਜੰਗਲ ਵਿੱਚ ਪਹੁੰਚਿਆ ਤਾਂ ਉਸ ਨੂੰ ਇਨਸਾਨਾਂ ਦੀਆਂ ਹੱਡੀਆਂ ਮਿਲੀਆਂ ਸ਼ਾਇਦ ਪਹਿਲਾਂ ਵਾਲੇ ਜੋ ਰਾਜੇ ਸਨ ਉਹਨਾਂ ਦੀਆਂ ਸਨ। ਪਹਿਲਾਂ ਕਦੇ ਵੀ ਕਿਸੇ ਰਾਜੇ ਨੇ ਇਸ ਤਰ੍ਹਾਂ ਨਹੀਂ ਸੋਚਿਆਂ ਸੀ। ਜੰਗਲ ਵਿੱਚ ਕਾਫ਼ੀ ਜਾਨਵਰ ਵੀ ਸਨ। ਇਹ ਸਭ ਕੁਝ ਦੇਖ ਕੇ ਰਾਜਾ ਵਾਪਿਸ ਆ ਗਿਆ। ਵਾਪਿਸ ਆ ਕੇ ਉਸ ਰਾਜੇ ਨੇ ਆਪਣੇ ਮੰਤਰੀਆਂ ਨੂੰ ਆਦੇਸ਼ ਦਿੱਤਾ ਕਿ ਉਸ ਜੰਗਲ ਨੂੰ ਕੱਟ ਕੇ ਇੱਕ ਵੱਡਾ ਮਹਿਲ ਅਤੇ ਜਾਨਵਰਾਂ ਲਈ ਇੱਕ ਵੱਡਾ ਬਗੀਚਾ ਬਣਾ ਦਿੱਤਾ ਜਾਵੇ। ਰਾਜੇ ਨੇ ਕਿਹਾ ਕਿ ਇਹ ਸਭ ਕੰਮ ਗੁਪਤ ਰੂਪ ਵਿੱਚ ਹੀ ਹੋਵੇ। ਮੰਤਰੀਆਂ ਨੇ ਆਦੇਸ਼ ਮੰਨ ਕੇ ਉਸ ਜੰਗਲ ਨੂੰ ਕੁਝ ਹੀ ਮਹੀਨਿਆਂ ਵਿੱਚ ਬਹੁਤ ਹੀ ਸੁੰਦਰ ਜਗ੍ਹਾ ਬਣਾ ਦਿੱਤਾ। ਜੋ ਉਥੇ ਜਾਨਵਰ ਸਨ ਉਹਨਾਂ ਲਈ ਅਲੱਗ ਵੱਡਾ ਬਗੀਚਾ ਬਣਾ ਦਿੱਤਾ ਗਿਆ।

ਕੁਝ ਮਹੀਨਿਆਂ ਬਾਅਦ ਹੀ ਰਾਜੇ ਦਾ ਸਮਾਂ ਖਤਮ ਹੋ ਗਿਆ। ਉਥੋਂ ਦੇ ਲੋਕਾਂ ਨੇ ਉਸ ਨੂੰ




ਸਨਮਾਨਪੂਰਵਕ ਇੱਕ ਕਿਸ਼ਤੀ ਵਿੱਚ ਬਿਠਾਇਆ ਅਤੇ ਉਸ ਨੂੰ ਜੰਗਲ ਵਿਚ ਛੱਡਣ ਲਈ ਚੱਲ ਪਏ। ਉਹ ਰਾਜਾ ਬਹੁਤ ਹੀ ਖੁਸ਼ ਨਜ਼ਰ ਆ ਰਿਹਾ ਸੀ। ਉਹ ਲੋਕ ਹੈਰਾਨ ਹੋਏ ਕਿਉਂਕਿ ਉਹ ਸੋਚ ਰਹੇ ਸੀ ਕਿ ਜਿੰਨੀ ਵਾਰ ਵੀ ਅਸੀਂ ਕਿਸੇ ਰਾਜੇ ਨੂੰ ਛੱਡਣ ਗਏ ਹਾਂ; ਉਹ ਹਮੇਸ਼ਾ ਰੋਂਦਾ ਸੀ ਪਰ ਇਹ ਪਹਿਲਾ ਰਾਜਾ ਹੈ ਜੋ ਬਹੁਤ ਹੀ ਖੁਸ਼ ਹੈ।

ਜਦੋਂ ਉਹ ਲੋਕ ਨਦੀ ਦੇ ਦੂਸਰੇ ਕਿਨਾਰੇ ਪਹੁੰਚੇ ਤਾਂ ਉਹ ਹੈਰਾਨ ਹੋ ਗਏ, ਕਿਉਂਕਿ ਉਥੇ ਜੰਗਲ ਨਜ਼ਰ ਨਹੀਂ ਆ ਰਿਹਾ ਸੀ ਸਗੋਂ ਇੱਕ ਵੱਡਾ ਮਹਿਲ ਅਤੇ ਬਗੀਚਾ ਨਜ਼ਰ ਆ ਰਿਹਾ ਸੀ। ਲੋਕਾਂ ਨੇ ਰਾਜੇ ਤੋਂ ਇਸ ਮਹਿਲ ਅਤੇ ਬਗੀਚੇ ਬਾਰੇ ਪੁੱਛਿਆ ਤਾਂ ਉਸ ਰਾਜੇ ਨੇ ਕਿਹਾ ਕਿ ਮੈਂ ਆਪਣੇ ਸਮੇਂ ਵਿੱਚ ਹੀ ਇਸ ਜੰਗਲ ਨੂੰ ਇੱਕ ਸੁੰਦਰ ਜਗ੍ਹਾ ਬਣਾਇਆ ਹੈ। ਹੁਣ ਰਹਿਣ ਲਈ ਇਹੀ ਮੇਰਾ ਘਰ ਹੋਵੇਗਾ। ਇਸ ਕਾਰਨ ਮੈਂ ਬਹੁਤ ਖੁਸ਼ ਹਾਂ। ਉਹ ਲੋਕ ਰਾਜੇ ਦੀ ਬੁੱਧੀਮਾਨੀ ਤੋਂ ਬਹੁਤ ਪ੍ਰਭਾਵਿਤ ਹੋਏ। ਉਹਨਾਂ ਨੇ ਉਸ ਰਾਜੇ ਤੋਂ ਮੁਆਫ਼ੀ ਮੰਗੀ ਅਤੇ ਕਿਹਾ ਕਿ ਹੁਣ ਤੁਸੀਂ ਹੀ ਦੁਬਾਰਾ ਸਾਡਾ ਰਾਜ ਸੰਭਾਲੋਗੇ ਅਤੇ ਜੋ ਰਾਜਾ ਬਦਲਣ ਦੀ ਪ੍ਰਥਾ ਹੈ ਉਹ ਵੀ ਬੰਦ ਕੀਤੀ ਜਾਵੇਗੀ। ਅੰਤ ਉਸ ਨੇ ਫਿਰ ਉਹ ਰਾਜ ਸੰਭਾਲ ਲਿਆ ਅਤੇ ਜੋ ਪ੍ਰਥਾ ਚਲਦੀ ਸੀ ਉਹ ਵੀ ਖਤਮ ਕਰ ਦਿੱਤੀ ਗਈ।

ਕਹਾਣੀ ਦੀ ਸੱਚਾਈ ਜੋ ਵੀ ਹੋਵੇ ਪਰ ਇਹ ਸੱਚ ਹੈ ਕਿ ਇਨਸਾਨ ਆਪਣਾ ਸਾਰਾ ਜੀਵਨ ਇਸ ਦੁਨੀਆਦਾਰੀ ਵਿੱਚ ਹੀ ਗੁਜ਼ਾਰ ਦਿੰਦਾ ਹੈ। ਉਹ ਇਸ ਖੁਦਾ ਦੀ ਪ੍ਰਾਪਤੀ ਕਰਨਾ ਭੁੱਲ ਜਾਂਦਾ ਹੈ। ਜੋ ਇਸ ਖੁਦਾ ਨੂੰ ਜਾਣ ਲੈਂਦੇ ਹਨ, ਉਹਨਾਂ ਦਾ ਜੀਵਨ ਸੁੱਖੀ ਹੋ ਜਾਂਦਾ ਹੈ, ਉਹ ਸਦਾ ਆਨੰਦ ਹੀ ਮਾਣਦੇ ਹਨ।

❑ ਹਰਿੰਦਰ ਸਿੰਘ ਗੋਗਨਾ



# ਵਰਖਾ

ਸਾਉਣ ਦੀ ਰੁੱਤ ਹੈ ਆਈ,
ਮੀਂਹ ਨੇ ਹੈ ਝੜੀ ਲਗਾਈ।
ਨਟਖਟ ਬਾਲ ਹੋਣ ਨਿਹਾਲ,
ਖੇਡ ਰਹੇ ਹਨ ਕਣੀਆਂ ਨਾਲ।

ਭਰ ਭਰ ਤਲੀਆਂ ਸੁੱਟ ਰਹੇ,
ਖੂਬ ਮਸਤੀ ਲੁੱਟ ਰਹੇ।
ਨਦੀਆਂ, ਟੋਭੇ ਭਰ ਰਹੇ,
ਡੱਡੂ ਟਰ-ਟਰ ਕਰ ਰਹੇ।

ਰੁੱਖ, ਪੌਦਿਆਂ ਤੇ ਆਭਾ ਛਾਈ,
ਸੜਕਾਂ ਦੀ ਹੋ ਗਈ ਧੁਲਾਈ।
ਪਸ਼ੂ, ਪੰਛੀ ਵੀ ਖੁਸ਼ ਹਨ ਸਾਰੇ,
ਸਾਰੇ ਸਨ ਗਰਮੀ ਦੇ ਮਾਰੇ।

ਕੁਦਰਤ ਦਾ ਉਪਹਾਰ ਹੈ ਵਰਖਾ,
ਲੈ ਆਉਂਦੀ ਬਹਾਰ ਹੈ ਵਰਖਾ।



❖ ਨੀਲਮ ਗੁਪਤਾ

# ਬਹੁਤ ਹੀ ਰੋਚਕ ਹੈ ਸ਼ਹਿਦ ਬਣਾਉਣ ਦੀ ਪ੍ਰਕ੍ਰਿਆ

ਬੱਚਿਉ ! ਤੁਸੀਂ ਤਾਂ ਇਹ ਜਾਣਦੇ ਹੀ ਹੋ ਕਿ ਮਧੂਮੱਖੀਆਂ ਦਾ ਭੋਜਨ ਸ਼ਹਿਦ ਹੈ। ਇਸ ਨੂੰ ਉਹ ਆਪ ਬਣਾਉਂਦੀਆਂ ਹਨ। ਪਰ ਇਕ ਸਵਾਲ ਪੈਦਾ ਹੁੰਦਾ ਹੈ ਕਿ ਆਖਿਰ ਮਧੂਮੱਖੀਆਂ ਕਿਵੇਂ ਸ਼ਹਿਦ ਬਣਾਉਂਦੀਆਂ ਹਨ? ਦਰਅਸਲ ਸ਼ਹਿਦ ਬਣਾਉਣ ਦੀ ਪੂਰੀ ਪ੍ਰਕ੍ਰਿਆ ਮਧੂਮੱਖੀਆਂ ਦੀ ਕਾਲੋਨੀ ਸ਼ਹਿਦ ਛੱਤੇ ਨਾਲ ਸ਼ੁਰੂ ਹੁੰਦੀ ਹੈ। ਸਭ ਤੋਂ ਪਹਿਲਾਂ ਉਹ ਫੁੱਲਾਂ ਦੇ ਕੋਲ ਜਾਂਦੀਆਂ ਹਨ ਅਤੇ ਉਹਨਾਂ ਦਾ ਰਸ ਜਾਂ ਨੇਕਟਰ ਪੀਂਦੀਆਂ ਹਨ। ਫਿਰ ਉਹ ਇਸ ਰਸ ਨੂੰ ਹਨੀ ਸੇਕ ਵਿੱਚ ਭਰ ਕੇ ਆਪਣੇ ਛੱਤੇ ਵਿੱਚ ਲੈ ਜਾਂਦੀਆਂ ਹਨ। ਹਨੀ ਸੇਕ ਮੱਧੂਮੱਖੀ ਦੇ ਪੇਟ ਦੇ ਅੱਗੇ ਪਾਚਨ ਨਲੀ ਵਿੱਚ ਇਕ ਬਸਤੇ ਵਰਗਾ ਹੁੰਦਾ ਹੈ। ਉਸ ਵਿੱਚ ਇਕ ਵਾਲਵ ਹੁੰਦਾ ਹੈ, ਜੋ ਹਨੀ ਸੇਕ ਨੂੰ ਪੇਟ ਤੋਂ ਵੱਖ ਕਰਦਾ ਹੈ।

ਸ਼ਹਿਦ ਬਣਨ ਦੀ ਪਹਿਲੀ ਪ੍ਰਕ੍ਰਿਆ ਉਸ ਵੇਲੇ ਸ਼ੁਰੂ ਹੁੰਦੀ ਹੈ, ਜਦੋਂ ਫੁੱਲਾਂ ਦਾ ਰਸ ਮਧੂਮੱਖੀ ਦੇ ਹਨੀ ਸੇਕ ਵਿੱਚ ਹੁੰਦਾ ਹੈ। ਰਸ ਵਿੱਚ ਜੋ ਸ਼ੂਗਰ ਹੁੰਦੀ ਹੈ ਉਸ ਵਿੱਚ ਰਸਾਇਣਿਕ ਬਦਲਾਵ ਆਉਣ ਲੱਗਦਾ ਹੈ। ਇਸ ਤੋਂ ਬਾਅਦ ਰਸ ਵਿਚੋਂ ਪਾਣੀ ਦੇ ਵੱਡੇ ਹਿੱਸੇ ਨੂੰ ਕੱਢ ਦਿੱਤਾ ਜਾਂਦਾ ਹੈ। ਇਹ ਵਾਸ਼ਪੀਕਰਣ ਦੇ ਚਲਦੇ ਹੁੰਦਾ ਹੈ, ਜੋ ਕਿ ਛੱਤੇ ਦੀ ਗਰਮੀ ਅਤੇ ਵੈਂਟੀਲੇਸ਼ਨ ਦੇ ਕਾਰਣ ਹੁੰਦਾ ਹੈ। ਮੂਲ ਰਸ ਵਿਚੋਂ ਪਾਣੀ ਐਨਾ ਜ਼ਿਆਦਾ ਕੱਢ ਦਿੱਤਾ ਜਾਂਦਾ ਹੈ ਕਿ ਛੱਤੇ ਵਿੱਚ ਜਮਾ ਕੀਤਾ ਗਿਆ ਸ਼ਹਿਦ ਹਮੇਸ਼ਾਂ ਗੂੜ੍ਹਾ ਰਹਿੰਦਾ ਹੈ। ਛੱਤੇ ਵਿੱਚ ਜੋ ਛੋਟੇ-2 ਖਾਨੇ ਹੁੰਦੇ ਹਨ, ਉਹਨਾਂ ਵਿੱਚ ਸ਼ਹਿਦ ਪੱਕਣ ਲਈ ਰੱਖਿਆ ਜਾਂਦਾ ਹੈ ਤਾਂਕਿ ਭਵਿੱਖ ਵਿੱਚ ਫੂਡ ਦੇ ਤੌਰ ਤੇ ਵੀ ਇਸਤੇਮਾਲ ਹੋ ਸਕੇ। ਜਦੋਂ ਫੁੱਲ ਨਹੀਂ ਹੁੰਦੇ ਤਾਂ ਮਧੂਮੱਖੀਆਂ ਮਿੱਠਾ, ਤਰਲ ਪਦਾਰਥ ਵੱਖ-2 ਕੀੜਿਆਂ ਜਾਂ ਪੌਦਿਆਂ ਤੋਂ ਹਾਸਿਲ ਕਰਦੀਆਂ ਹਨ।

## ਛੱਤੇ ਤੋਂ ਸ਼ਹਿਦ ਕੱਢਣ ਦੇ ਤਰੀਕੇ –

ਸ਼ਹਿਦ ਨੂੰ ਛੱਤੇ ਤੋਂ ਕੱਢਣ ਦੇ ਅਨੇਕ ਤਰੀਕੇ ਹਨ ਜਿਵੇਂ ਛੱਤੇ ਨੂੰ ਨਿਚੋੜ ਕੇ ਸ਼ਹਿਦ ਕੱਢਿਆ ਜਾ ਸਕਦਾ ਹੈ ਜਾਂ ਛੱਤੇ ਨੂੰ ਕੱਟ ਕੇ ਸ਼ਹਿਦ ਸਹਿਤ ਵੇਚ ਦਿੱਤਾ ਜਾਂਦਾ ਹੈ ਪਰ ਜ਼ਿਆਦਾਤਰ ਸ਼ਹਿਦ ਛੱਤੇ ਤੋਂ ਇਕ ਮਸ਼ੀਨ ਦੁਆਰਾ ਕੱਢਿਆ ਜਾਂਦਾ ਹੈ ਜਿਸ ਨੂੰ ਹਨੀ ਐਕਸਟਰੈਕਟਰ ਕਹਿੰਦੇ ਹਨ। ਇਹ ਸੇਂਟਰੀਫੁਗਲ ਦਾ ਇਸਤੇਮਾਲ ਕਰਦਾ ਹੈ ਜਿਸ ਨਾਲ ਸ਼ਹਿਦ ਛੱਤੇ ਤੋਂ ਬਾਹਰ ਆ ਜਾਦਾ ਹੈ। ਵੱਖ-ਵੱਖ ਫੁੱਲਾਂ ਦੇ ਰਸ ਦਾ ਸ਼ਹਿਦ ਵੱਖ-2 ਤਰ੍ਹਾਂ ਦਾ ਹੁੰਦਾ ਹੈ। ਜਿਸ ਵਾਤਾਵਰਣ ਵਿੱਚ ਛੱਤਾ ਬਣਿਆ ਹੁੰਦਾ ਹੈ ਉਸ ਉਤੇ ਵੀ ਨਿਰਭਰ ਕਰਦਾ ਹੈ ਕਿ ਸ਼ਹਿਦ ਕਿਵੇਂ ਦਾ ਹੋਵੇਗਾ?

## ਸ਼ਹਿਦ ਵਿੱਚ ਕਈ ਕਿਸਮ ਦੇ ਪਦਾਰਥ –

ਸ਼ਹਿਦ ਵਿੱਚ ਅਨੇਕ ਕਿਸਮ ਦੇ ਪਦਾਰਥ ਹੁੰਦੇ ਹਨ, ਪਰ ਮੁੱਖ ਤੌਰ ਤੇ ਦੋ ਸ਼ੂਗਰ ਹੁੰਦੀਆਂ ਹਨ ਜਿਵੇਂ ਲੇਵਾਯੂਲੋਜ਼ ਅਤੇ ਡੇਕਸਟਰੋਜ਼।ਸੁਕ੍ਰੋਜ਼, ਮਾਲਟੋਜ਼, ਡੇਕਸਟ੍ਰਿਨ, ਮਿਨਰਲ, ਵੱਖ -2 ਤਰ੍ਹਾਂ ਦੇ ਏਨਜਾਇਮ ਅਨੇਕ ਵਿਟਾਮਿਨ ਜੋ ਘੱਟ ਮਾਤਰਾ ਵਿੱਚ ਹੁੰਦੇ ਹਨ ਅਤੇ ਬਹੁਤ ਘੱਟ ਮਾਤਰਾ ਵਿੱਚ ਪ੍ਰੋਟੀਨ ਅਤੇ ਏਸਿਡ ਵੀ।

## ਸ਼ਹਿਦ ਦੇ ਵੱਖ-ਵੱਖ ਰੰਗ ਅਤੇ ਸੁਆਦ –

ਸ਼ਹਿਦ ਸੁਆਦ ਅਤੇ ਰੰਗ ਵਿੱਚ ਵੱਖ-2 ਹੁੰਦੇ ਹਨ। ਇਹ ਜ਼ਿਆਦਾਤਰ ਰਸ ਦੇ ਸ੍ਰੋਤ ਉਤੇ ਨਿਰਭਰ ਕਰਦਾ ਹੈ। ਜਿਨ੍ਹਾਂ ਇਲਾਕਿਆਂ ਵਿੱਚ ਸ਼ਹਿਦ ਦਾ ਉਤਪਾਦਨ ਹੁੰਦਾ ਹੈ, ਉਹਨਾਂ ਵਿੱਚ ਆਮਤੌਰ ਤੇ ਕੁਝ ਹੀ ਪੌਦੇ ਹਨ, ਜੋ ਸਪਲਾਈ ਦਾ ਸਰੋਤ ਬਣਨ ਦੇ ਲਈ ਭਰਪੂਰ ਨੇਕਟਰ ਜਾਂ ਰਸ ਉਤਪੰਨ ਕਰਦੇ ਹਨ।

ਕਹਾਣੀ : ਡਾ: ਰਜੀਵ ਗੁਪਤਾ

# ਮੈਂ ਪਾਇਲਟ ਬਣਾਂਗਾ



ਜਦ ਵੀ ਅੰਕਿਤ ਨੂੰ ਕੋਈ ਪੁੱਛਦਾ ਕਿ ਉਹ ਵੱਡਾ ਹੋ ਕੇ ਕੀ ਬਣੇਗਾ ਤਾਂ ਉਹ ਕੋਈ ਨਿਸ਼ਚਿਤ ਜਵਾਬ ਨਹੀਂ ਦਿੰਦਾ ਸੀ। ਕਦੇ ਉਹ ਕਹਿੰਦਾ ਕਿ ਇੰਜੀਨੀਅਰ ਬਣਾਂਗਾ ਤੇ ਕਦੇ ਡਾਕਟਰ।

ਦਰਅਸਲ ਉਹਨੂੰ ਵੀ ਠੀਕ-ਠਾਕ ਪਤਾ ਨਹੀਂ ਸੀ ਕਿ ਉਹ ਕੀ ਬਣਨਾ ਚਾਹੁੰਦਾ ਹੈ। ਉਹ ਹਾਲਾਂ ਛੋਟਾ ਹੀ ਤਾਂ ਸੀ, ਕੇਵਲ 11 ਸਾਲ ਦਾ। ਉਹ ਛੇਵੀਂ ਜਮਾਤ ਵਿੱਚ ਪੜਦਾ ਸੀ। ਇਕ ਦਿਨ ਜਦ ਉਹ ਸਕੂਲ ਤੋਂ ਵਾਪਸ ਆਇਆ ਤਾਂ ਉਸਨੇ ਆਪਣੇ ਮੰਮੀ ਪਾਪਾ ਨੂੰ ਬਹੁਤ ਖੁਸ਼ ਵੇਖਿਆ ।

– ਕੀ ਗੱਲ ਹੈ, ਮੰਮੀ, ਆਪ ਜੋਰ-ਜੋਰ ਦੀ ਹੱਸ ਰਹੇ ਹੋ- ਉਸਨੇ ਮੰਮੀ ਤੋਂ ਪੁੱਛਿਆ।

– ਹਾਂ ਬੇਟੇ, ਅਸੀਂ ਲੋਕ ਅਗਲੇ ਮਹੀਨੇ ਅਮਰੀਕਾ ਜਾ ਰਹੇ ਹਾਂ। ਤੇਰੇ ਲੋਕੇਸ਼ ਭਰਾ ਦਾ ਵਿਆਹ ਹੈ।

ਸੁਣ ਕੇ ਉਹ ਵੀ ਖੁਸ਼ੀ ਨਾਲ ਉਛਲ ਪਿਆ। ਲੋਕੇਸ਼ ਉਸ ਦੇ ਤਾਇਆ ਜੀ ਦੇ ਲੜਕੇ ਦਾ ਨਾਂ ਸੀ। ਉਸ ਦੇ ਤਾਇਆ ਜੀ ਅਮਰੀਕਾ ਵਿੱਚ ਰਹਿੰਦੇ ਸਨ। ਉਹ ਉਥੇ ਕਿਸੇ ਸੰਸਥਾ ਵਿੱਚ ਨੌਕਰੀ ਕਰਦਾ ਸੀ।

ਪਾਪਾ ! ਉਸੇ ਦਿਨ ਤੋਂ ਪਾਸਪੋਰਟ ਬਣਵਾਉਣ ਅਤੇ ਵੀਜਾ ਲਗਵਾਉਣ ਵਿੱਚ ਜੁਟ ਗਏ।

– ਪਾਪਾ ਇਹ ਪਾਸਪੋਰਟ ਅਤੇ ਵੀਜਾ ਕੀ ਹੁੰਦਾ ਹੈ?- ਇਕ ਦਿਨ ਅੰਕਿਤ ਨੇ ਪੁੱਛਿਆ?

– ਬੇਟਾ ! ਇਹ ਵਿਦੇਸ਼ ਵਿੱਚ ਘੁੰਮਣ ਦਾ ਪ੍ਰਵਾਨਗੀ – ਪੱਤਰ ਹੁੰਦਾ ਹੈ ਤਾਂ ਕਿ ਕੋਈ ਵੀ ਗਲਤ ਆਦਮੀ ਵਿਦੇਸ਼ ਵਿੱਚ ਨਾ ਪਹੁੰਚ ਜਾਏ। ਇਹ ਵਿਦੇਸ਼ ਜਾਣ ਵਾਲੇ ਵਿਅਕਤੀ ਦੀ ਚੰਗੀ ਤਰ੍ਹਾਂ ਜਾਂਚ-ਪੜਤਾਲ ਦੇ ਬਾਦ ਹੀ ਬਣਦਾ ਹੈ।

ਆਖਿਰ ਉਹ ਦਿਨ ਆ ਗਿਆ ਜਦ ਅੰਕਿਤ ਆਪਣੇ ਮੰਮੀ-ਪਾਪਾ ਦੇ ਨਾਲ ਹਵਾਈ ਜ਼ਹਾਜ਼ ਵਿੱਚ ਬੈਠਾ। ਉਹ ਬਹੁਤ ਖੁਸ਼ ਸੀ।

– ਪਾਪਾ ਐਨਾ ਵੱਡਾ ਹਵਾਈ ਜਹਾਜ਼ ਹਵਾ ਵਿੱਚ ਉਡਦਾ ਕਿਵੇਂ ਹੈ?- ਹਵਾਈ ਜਹਾਜ ਨੂੰ ਹੈਰਾਨੀ ਨਾਲ ਵੇਖਦੇ ਹੋਏ ਉਸ ਨੇ ਪੁੱਛਿਆ।

– ਬੇਟਾ, ਇਸ ਦੇ ਉਡੱਣ ਵਿੱਚ ਇਕ ਖਾਸ ਨਿਯਮ ਕੰਮ ਕਰਦਾ ਹੈ। ਜਦ ਅਸੀਂ ਹਵਾ ਨੂੰ ਹੇਠਾਂ ਵੱਲ ਧੱਕਾ ਦਿੰਦੇ ਹਾਂ ਤਾਂ ਉਹ ਵੀ ਸਾਨੂੰ ਉਪਰ ਵੱਲ ਧਕੇਲਦੀ ਹੈ। ਇਸੇ ਤਰ੍ਹਾਂ ਜਦ ਹਵਾਈ ਜਹਾਜ਼ ਦਾ ਪੱਖਾ ਹਵਾ ਨੂੰ ਬੜੇ ਜੋਰ ਨਾਲ ਹੇਠਾਂ ਵੱਲ ਸੁੱਟਦਾ ਹੈ, ਤਾਂ ਹਵਾ ਵੀ ਉਸ ਨੂੰ ਉਪਰ ਵੱਲ ਧੱਕਾ ਲਗਾਉਂਦੀ ਹੈ। ਜਦ ਹਵਾਈ ਜਹਾਜ ਉਪਰ ਉਠੱਦਾ ਹੈ ਤਾਂ ਇਸਦੇ ਵੱਡੇ-ਵੱਡੇ ਪੰਖ ਇਹਨੂੰ ਹਵਾ ਵਿੱਚ ਸੰਭਾਲਣ ਦਾ ਕੰਮ ਕਰਦੇ ਹਨ ਅਤੇ ਇਸ ਵਿੱਚ ਲੱਗਾ ਇੰਜਣ ਇਹਨੂੰ ਅਗੇ ਵਧਾਉਣ ਵਿੱਚ ਮਦਦ ਕਰਦਾ ਹੈ। ਇਸ ਪ੍ਰਕਾਰ ਹਵਾਈ ਜਹਾਜ਼ ਆਕਾਸ਼ ਵਿੱਚ ਤੇਜ਼ੀ ਨਾਲ ਉਡਣ ਲੱਗਦਾ ਹੈ। – ਅੰਕਿਤ ਦੇ ਪਾਪਾ ਨੇ ਦੱਸਿਆ।

ਇਸੇ ਦੌਰਾਨ ਏਅਰ ਹੋਸਟਸ ਮੁਸਕਰਾਉਂਦੇ ਹੋਏ ਉਹਨਾਂ ਦੇ ਕੋਲ ਆਈ ਅਤੇ ਯਾਤਰੀਆਂ ਨੂੰ ਆਪਣੀ-ਆਪਣੀ ਕਮਰ-ਬੈਲਟ ਬੰਨਣ ਲਈ ਕਹਿਣ ਲੱਗੀ ਕਿਉਂਕਿ ਹੁਣ ਹਵਾਈ ਜਹਾਜ਼ ਉੜਾਣ ਭਰਨ ਵਾਲਾ ਸੀ।

– ਪਾਪਾ, ਇਸ ਬੈਲਟ ਨੂੰ ਬੰਨਣ ਦਾ ਕੀ



– ਬੇਟਾ, ਅਜਿਹਾ ਘੱਟ ਹੀ ਹੁੰਦਾ ਹੈ, ਕਿਉਂਕਿ ਉਡ਼ਾਨ ਭਰਨ ਤੋਂ ਪਹਿਲਾਂ ਹਵਾਈ ਜਹਾਜ਼ ਨੂੰ ਪੂਰੀ ਤਰ੍ਹਾਂ ਨਾਲ ਚੈਕ ਕੀਤਾ ਜਾਂਦਾ ਹੈ। ਫਿਰ ਵੀ ਜੇ ਉਡ਼ਾਨ ਭਰਨ ਦੇ ਬਾਅਦ ਹਵਾਈ ਜਹਾਜ਼ ਵਿੱਚ ਕੋਈ ਖਰਾਬੀ ਆ ਜਾਂਦੀ ਹੈ ਤਾਂ ਪਾਇਲਟ ਉਹਨੂੰ ਸਾਵਧਾਨੀਪੂਰਵਕ ਕਿਸੇ ਸੁਰੱਖਿਅਤ ਸਥਾਨ ਤੇ ਉਤਾਰਨ ਦੀ ਕੋਸ਼ਿਸ਼ ਕਰਦਾ ਹੈ।

– ਅਗਰ ਅਜਿਹਾ ਕਰਨਾ ਸੰਭਵ ਨਾ ਹੋਵੇ ਤਾਂ?

– ਤਾਂ ਉਸਦੇ ਨਿਰਦੇਸ਼ ਨਾਲ ਹਵਾਈ ਜਹਾਜ਼ ਦੇ ਕਮਰਚਾਰੀ ਪੈਰਾਸ਼ੂਟ ਰਾਹੀਂ ਯਾਤਰੀਆਂ ਨੂੰ ਹੇਠਾਂ ਉਤਾਰਨ ਵਿੱਚ ਮਦਦ ਕਰਦੇ ਹਨ।

ਫਾਇਦਾ ਹੈ? ਬੈਲਟ ਕੱਸਦੇ ਹੋਏ ਅੰਕਿਤ ਬੋਲਿਆ।

– ਇਸ ਨਾਲ ਹਵਾਈ ਜਹਾਜ ਦੇ ਉਡਦੇ ਸਮੇਂ ਸਾਨੂੰ ਝਟਕਾ ਨਹੀਂ ਲੱਗਦਾ, ਵਰਨਾ ਅਸੀਂ ਡਿਗ ਵੀ ਸਕਦੇ ਹਾਂ।

– ਤਾਂ ਕੀ ਇਹ ਬੈਲਟ ਸਾਨੂੰ ਸਾਰੇ ਸਫਰ ਵਿੱਚ ਬੰਨਣੀ ਪਏਗੀ?

– ਨਹੀਂ ਕੇਵਲ ਹਵਾਈ ਜਹਾਜ਼ ਦੇ ਉਪਰ ਉਠੱਦੇ ਅਤੇ ਹੇਠਾਂ ਉਤਰਦੇ ਸਮੇਂ। ਜਦ ਹਵਾਈ ਜਹਾਜ਼ ਉਪਰ ਉਡੱ ਰਿਹਾ ਹੈ। ਤਦ ਅਸੀਂ ਇਸਨੂੰ ਖੋਲ੍ਹ ਸਕਦੇ ਹਾਂ।

– ਪਾਪਾ, ਇਸ ਹਵਾਈ ਜਹਾਜ਼ ਨੂੰ ਚਲਾਉਣ ਵਾਲਾ ਡਰਾਈਵਰ ਨਹੀਂ ਦਿਸ ਰਿਹਾ ਹੈ। – ਅੰਕਿਤ ਨੇ ਇਧਰ-ਉਧਰ ਵੇਖਦੇ ਹੋਏ ਕਿਹਾ।

– ਬੇਟਾ, ਉਹ ਅਗੇ ਬਣੇ ਕੈਬਿਨ ਵਿੱਚ ਬੈਠਾ ਹੈ। ਉਸਦੇ ਬੈਠਣ ਦੇ ਸਥਾਨ ਨੂੰ ਕਾਕਪਿਟ ਕਹਿੰਦੇ ਹਨ ਅਤੇ ਹਵਾਈ ਜਹਾਜ਼ ਉਡਾਉਣ ਵਾਲੇ ਡਰਾਈਵਰ ਨੂੰ ਪਾਇਲਟ ਕਹਿੰਦੇ ਹਨ। ਕਾਕਪਿਟ ਵਿੱਚ ਅਨੇਕ ਤਰ੍ਹਾਂ ਦੇ ਯੰਤਰ ਲਗੇ ਰਹਿੰਦੇ ਹਨ। ਜਿਸ ਨਾਲ ਪਾਇਲਟ ਆਪਣੇ ਹਵਾਈ ਜਹਾਜ਼ ਨੂੰ ਕਾਬੂ ਵਿੱਚ ਰੱਖਦਾ ਹੈ। – ਅੰਕਿਤ ਦੇ ਪਾਪਾ ਨੇ ਉਹਨੂੰ ਸਮਝਾਇਆ।

– ਪਾਪਾ ! ਉਡ਼ਾਨ ਭਰਨ ਦੇ ਬਾਦ ਹਵਾਈ ਜਹਾਜ਼ ਵਿੱਚ ਕੋਈ ਖਰਾਬੀ ਆ ਜਾਏ ਤਦ ਪਾਇਲਟ ਕੀ ਕਰਦਾ ਹੈ?

– ਇਹ ਪੈਰਾਸ਼ੂਟ ਕੀ ਹੈ ਪਾਪਾ?

– ਇਹ ਬਹੁਤ ਬੜੇ ਵਿਸ਼ੇਸ਼ ਕਪੜੇ ਅਤੇ ਰੱਸੀਆਂ ਦਾ ਬਣਿਆ ਛਾਤਾ ਹੈ। ਹਵਾਈ ਜਹਾਜ਼ ਤੋਂ ਹੇਠਾਂ ਉਤਰਨ ਤੇ ਇਹ ਖੁੱਲ੍ਹ ਜਾਂਦਾ ਹੈ ਅਤੇ ਵਿਅਕਤੀ ਨੂੰ ਹੌਲੀ-ਹੌਲੀ ਹੇਠਾਂ ਲਿਆਉਂਦਾ ਹੈ। ਇਹ ਇਕਦਮ ਨਾਲ ਹੇਠਾਂ ਨਹੀਂ ਡਿਗਦਾ।

– ਇਸਦੇ ਲਈ ਕੀ ਸਾਨੂੰ ਪੈਰਾਸ਼ੂਟ ਲੈ ਕੇ ਹਵਾਈ ਜਹਾਜ਼ ਦੇ ਦਰਵਾਜ਼ੇ ਤੋਂ ਕੁੱਦਣਾ ਪੈਂਦਾ ਹੈ।

– ਨਹੀਂ, ਇਸਦੀ ਵਿਵਸਥਾ ਹਵਾਈ ਜਹਾਜ਼ ਦੇ ਪਰਾਂ ਤੋਂ ਹੋ ਕੇ ਹੁੰਦੀ ਹੈ।

– ਅੱਛਾ ਪਾਪਾ, ਅਗਰ ਮੈਂ ਵੱਡਾ ਹੋ ਕੇ ਪਾਇਲਟ ਬਣ ਜਾਵਾਂ ਤਾਂ ਕਿਵੇਂ ਰਹੇ? – ਕੁਝ ਸੋਚਦੇ ਹੋਏ ਅੰਕਿਤ ਨੇ ਕਿਹਾ।

– ਹਾਂ ਬਹੁਤ ਚੰਗਾ ਰਹੇਗਾ ਪਰ ਇਹਦੇ ਲਈ ਤੈਨੂੰ ਬਹੁਤ ਮਿਹਨਤ ਕਰਨੀ ਪਏਗੀ। – ਉਸਦੇ ਪਾਪਾ ਨੇ ਕਿਹਾ।

– ਨਾਲ ਹੀ ਉਸਦੀ ਮੰਮੀ ਅਤੇ ਏਅਰ ਹੋਸਟਸ ਵੀ ਮੁਸਕਰਾ ਰਹੀਆਂ ਸਨ। ਏਅਰ ਹੋਸਟਸ ਉਹਨਾਂ ਨੂੰ ਕੋਲਡ ਡ੍ਰਿੰਕਸ ਸਰਵ ਕਰਨ ਆਈ ਸੀ।

❖ ਤਿਲਕ ਰਾਜ ਰਾਜੂ

# ਨਿੱਕਾ ਪੱਪੀ

ਜੋਜੋ ਸਾਡਾ ਨਿੱਕਾ ਪੱਪੀ
ਹਰ ਕੋਈ ਇਸ ਨੂੰ ਫਿਰਦਾ ਚੱਕੀ।

ਲਾਲ ਪਟਾ ਇਹਦੇ ਗਲ ਵਿਚ ਪਾਇਆ,
ਘੁੰਗਰੂਆਂ ਦੇ ਨਾਲ ਇਹਨੂੰ ਸਜਾਇਆ।

ਰੰਗ ਜੋਜੋ ਦਾ ਹੈਗਾ ਕਾਲਾ,
ਜੋਜੋ ਨੂੰ ਜੋ ਫੱਬਦਾ ਬਾਹਲਾ।


ਸੁਬ੍ਹਾ ਨਾਸ਼ਤਾ ਦੁੱਧ ਦਾ ਕਰਦਾ,
ਪੀ ਕੇ ਦੁੱਧ ਇਹ ਢਿੱਡ ਹੈ ਭਰਦਾ।

ਸਾਰਾ ਦਿਨ ਇਹ ਭੱਜਦਾ ਰਹਿੰਦਾ,
ਇਕ ਥਾਂ ਤੇ ਨਾ ਟਿਕ ਕੇ ਬਹਿੰਦਾ।

ਦੁਪਹਿਰ ਵੇਲੇ ਹਾਂ ਦਹੀਂ ਖੁਆਂਦੇ,
ਕਦੇ ਕਦੇ ਹਾਂ ਲੱਸੀ ਪਾਉਂਦੇ।

ਸਾਬਣ ਲਾ ਕੇ ਇਹਨੂੰ ਨੁਹਾਈਏ,
ਸੁੱਕੇ ਵਾਲਾਂ ਵਿਚ ਪਾਊਡਰ ਲਾਈਏ।

ਜੋਜੋ ਸਾਡਾ ਬੜਾ ਪਿਆਰਾ,
ਸਾਡੀ ਅੱਖੀਆਂ ਦਾ ਹੈ ਤਾਰਾ।



❖ ਨੈਨਤਾਰਾ ਦੀਦੀ

# ਵਾਇਲਿਨ ਦੀ ਖੋਜ ਕਿਸ ਨੇ ਕੀਤੀ?



ਵਾਇਲਿਨ ਦੇ ਵਿਕਾਸ ਵਿਚ ਕਈ ਸਾਲ ਲੱਗ ਗਏ। ਇਸ ਦਾ ਇਤਿਹਾਸ ਭਾਰਤ ਵਿਚ ਸ਼ੁਰੂ ਹੋਇਆ। ਭਾਰਤ ਵਿਚ ਕਮਾਨ ਵਿਚ ਤਾਰਾਂ ਨੂੰ ਬੰਨ੍ਹ ਕੇ ਵਜਾਉਣ ਦਾ ਰਿਵਾਜ ਸੀ। ਇਥੋਂ ਹੀ ਇਹ ਰਿਵਾਜ ਮੱਧ ਯੁਗ ਵਿਚ ਯੂਰਪ ਵਿਚ ਪਹੁੰਚਿਆ, ਜਿੱਥੇ ਸਟਰਿੰਗ ਜਾਂ ਤਾਰ ਦੇ ਵੱਖ-ਵੱਖ ਯੰਤਰ ਕਮਾਨ ਦੇ ਨਾਲ ਵਜਾਏ ਜਾਣ ਲੱਗੇ। ਇਹਨਾਂ ਵਿਚੋਂ ਇਕ ਵਿਏਲੇ ਸੀ, ਜੋ ਯੂਰਪ ਅੰਦਰ ਦਸਵੀ ਸ਼ਤਾਬਦੀ ਵਿਚ ਆਇਆ ਸੀ। ਕਿਹਾ ਜਾਂਦਾ ਹੈ ਕਿ ਇਹ ਵਾਇਲਿਨ ਦਾ ਪੂਰਵਜ ਹੈ। ਵਾਇਲਿਨ ਦੀ ਤਰ੍ਹਾਂ ਵਿਏਲੇ ਨੂੰ ਵੀ ਸੰਗੀਤਕਾਰ ਆਪਣੇ ਕੰਧੇ ਦਾ ਸਹਾਰਾ ਦੇ ਕੇ ਵਜਾਉਂਦਾ ਸੀ। ਬਾਅਦ ਵਿਚ ਰਬੇਕ ਦੇ ਪ੍ਰਭਾਵ ਵਿਚ ਵਿਏਲੇ ਨੂੰ ਬਦਲ ਦਿੱਤਾ ਗਿਆ। ਰਬੇਕ ਇਕ ਅਰਬੀ ਯੰਤਰ ਸੀ, ਜੋ ਸਪੇਨ ਤੋਂ ਹੋ ਕੇ ਪੂਰੇ ਯੂਰਪ ਵਿਚ ਫੈਲਿਆ। ਵਿਏਲੇ ਦੀ ਸਟਰਡੀ ਬਾਡੀ ਨੂੰ ਰਬੇਕ ਵਿਚ ਮਿਲਾ ਦਿਤਾ ਗਿਆ ਅਤੇ ਇਸ ਪ੍ਰਕਾਰ ਇਕ ਨਵੇ ਯੰਤਰ ਦਾ ਜਨਮ ਹੋਇਆ, ਜੋ ਵਾਇਲਿਨ ਸੀ। ਵਾਇਲਿਨ ਨੂੰ ਆਪਣੀ ਬੇਸਿਕ ਸੇਧ 1550 ਅਤੇ 1600 ਦੇ ਵਿਚਕਾਰ ਮਿਲੀ ਅਤੇ ਇਹ ਕਹਿਣਾ ਮੁਸ਼ਕਿਲ ਹੈ ਕਿ ਕਿਸ ਵਿਅਕਤੀ ਨੇ ਇਸ ਨੂੰ ਸਭ ਤੋਂ ਪਹਿਲਾਂ ਬਣਾਇਆ। ਸਭ ਤੋਂ ਸਫਲ ਵਾਇਲਿਨ 17ਵੀਂ ਅਤੇ 18ਵੀਂ ਸ਼ਤਾਬਦੀ ਵਿਚ ਬਣੇ। ਇਟਲੀ ਨੇ ਵਾਇਲਿਨ ਨਿਰਮਾਣ ਵਿਚ ਪ੍ਰਮੁੱਖ ਪਰਿਵਾਰ ਪੈਦਾ ਕੀਤੇ। ਹਰ ਪਰਿਵਾਰ ਦਾ ਆਪਣਾ ਨਿਰਮਾਣ ਸੀਕਰੇਟ ਸੀ, ਜਿਸ ਨੂੰ ਬੇਟਾ ਪਿਤਾ ਕੋਲੋਂ ਪਾਉਂਦਾ ਸੀ। ਕ੍ਰੇਮੋਨਾ ਸ਼ਹਿਰ ਦਾ ਅਮਾਤੀ ਪਰਿਵਾਰ ਇਹੋ ਜਿਹੇ ਵਾਇਲਿਨ ਬਣਾਉਂਦਾ ਸੀ ਜਿਨ੍ਹਾਂ ਵਿਚ ਟੋਨ ਦੀ ਦੁਰਲਭ ਮਧੁਰਤਾ ਅਤੇ ਕੋਮਲਤਾ ਸੀ। ਲੰਮੇ ਸਮੇਂ ਤਕ ਇਹ ਹੀ ਮੰਨਿਆ ਜਾਂਦਾ ਰਿਹਾ ਕਿ ਉਹਨਾਂ ਨਾਲੋਂ ਵਧੀਆ ਵਾਇਲਿਨ ਕੋਈ ਨਹੀਂ ਬਣਾ ਸਕਦਾ।



ਨਿਕੋਲੋ ਅਮਾਤੀ ਦਾ ਇਕ ਸ਼ਾਨਦਾਰ ਚੇਲਾ ਅੰਟੋਨਿਉ ਸਟਰਡੀਵਾਰੀ ਸੀ, ਜੋ ਉਸਤਾਦਾਂ ਦਾ ਉਸਤਾਦ ਮੰਨਿਆ ਜਾਂਦਾ ਸੀ। ਉਸ ਨੇ ਵੱਡਾ, ਫਲੈਟ ਕਿਸਮ ਦਾ ਵਾਇਲਿਨ ਬਣਾਇਆ ਜਿਸ ਵਿਚ ਜਿਆਦਾ ਟੋਨ ਅਤੇ ਸ਼ਕਤੀ ਸੀ। ਸਟਰਡੀਵਾਰੀ ਨੇ 1,116 ਵਾਇਲਿਨ ਬਣਾਏ, ਜਿਨ੍ਹਾਂ ਵਿਚੋਂ 540 ਹੁਣ ਵੀ ਮੌਜੂਦ ਹਨ। ਇਹ ਕਲਾ ਦਾ ਜਬਰਦਸਤ ਕੰਮ ਹੈ। ਸਭ ਤੋਂ ਮਹਾਨ ਵਾਇਲਿਨਸਟ ਨਿੱਕੋਲੋ ਪਗਾਨਿਨੀ (1784-1840) ਨੂੰ ਮੰਨਿਆ ਜਾਂਦਾ ਹੈ।

■

# ਬੱਚੇ


❖ ਜਸਵਿੰਦਰ ਸ਼ਾਇਰ

ਬੱਚੇ ਲੱਗਦੇ ਬੜੇ ਪਿਆਰੇ।
ਸਾਡੇ ਦਿਲਾਂ ਦੇ ਬਣਨ ਸਹਾਰੇ।

ਆਪਸ ਦੇ ਵਿਚ ਹੱਸਦੇ ਗਾਉਂਦੇ,
ਸਭ ਦੇ ਮਨ ਨੂੰ ਇਹ ਹਰਸ਼ਾਉਂਦੇ,
ਮੁੱਖ ਤੇ ਚਮਕੇ ਖੁਸ਼ੀ ਸਦਾ ਹੀ,
ਜਿਦਾਂ ਅੰਬਰ ਦੇ ਵਿਚ ਤਾਰੇ।
ਬੱਚੇ ....


ਭੁੱਖੇ ਹੁੰਦੇ ਇਹ ਪਿਆਰ ਦੇ,
ਫੁੱਲਾਂ ਵਾਂਗ ਮਹਿਕ ਖਿਲਾਰਦੇ,
ਨੱਚਣਾ-ਟੱਪਣਾ ਹੱਸੀ ਜਾਣਾ,
ਇਹਨਾਂ ਦੇ ਨੇ ਸ਼ੌਕ ਨਿਆਰੇ।
ਬੱਚੇ ...

ਸਾਰੇ ਮਿਲ ਕੇ ਬੱਚੇ ਫਿਰਦੇ ਨੱਠੇ,
ਲੁੱਕਣ-ਮੀਚੀ ਖੇਡਣ ਕੱਠੇ,
ਆਪਸ ਵਿਚ ਨਾ ਕਰਨ ਲੜਾਈ,
'ਸ਼ਾਇਰ' ਇਹ ਨੇ ਰਾਜ-ਦੁਲਾਰੇ।
ਬੱਚੇ ...



# ਰੰਗ ਭਰੋ





ਨਾਂ ...................................................................ਉਮਰ..........

ਪੂਰਾ ਪਤਾ............................................................................

.................................................................................................

.................................................................................................

# ਅਪ੍ਰੈਲ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ :**

ਨਿਤਿਨ ਕੰਡਾ (ਉਮਰ 13 ਸਾਲ)
ਕੰਡਾ ਜਿਊਲਰਜ, ਫੁਹਾਰਾ ਚੌਂਕ
ਪਿੰਡ ਤੇ ਡਾਕਖਾਨਾ - ਤਲਵੰਡੀ ਭਾਈ
ਜਿਲਾ - ਫਿਰੋਜ਼ਪੁਰ (ਪੰਜਾਬ)

**ਦੂਸਰਾ ਨੰ :**

ਸੁਖਮਨਦੀਪ ਕੌਰ (ਉਮਰ 12 ਸਾਲ)
ਪਿੰਡ ਤੇ ਡਾਕਖਾਨਾ – ਭਲੂਰ
ਜਿਲਾ – ਮੋਗਾ( ਪੰਜਾਬ)

**ਤੀਸਰਾ ਨੰ :**

ਸ਼ਿਵਪ੍ਰੀਤ ਸਿੰਘ (ਉਮਰ 8 ਸਾਲ)
ਪਿੰਡ : ਅਮਰਾਲੀ, ਡਾਕਖਾਨਾ – ਲੁਥੇਰੀ
ਜਿਲਾ - ਰੋਪੜ (ਪੰਜਾਬ)

## ਪਸੰਦ ਕੀਤੇ ਗਏ -

ਸੁਨੀਤਾ (ਨਵਾਂ ਸ਼ਹਿਰ),
ਸਾਹਿਲ ਸੇਠੀ (ਤਲਵੰਡੀ ਭਾਈ)
ਵਿਧਿਤ (ਖੁਸ਼ਹਾਲ ਪੁਲ)
ਯਸ਼ਿਕਾ (ਡੇਰਾ ਬਾਬਾ ਨਾਨਕ)
ਹੈਵਨ ਸੁਮਨ (ਫਗਵਾੜਾ)
ਸਹਿਜ ਬਾਂਸਲ (ਪਾਤੜਾਂ)
ਸਿਮਰਨ ਕੌਰ (ਧਰਮਪੁਰਾ)
ਸੁਖਮਨਦੀਪ ਕੌਰ (ਭਲੂਰ)
ਸੁਖਪ੍ਰੀਤ ਸਿੰਘ (ਮਾਨਸਾ)
ਏਕਤਾ (ਹਰੀਕੇ ਪੱਤਣ)
ਸ਼ਰਨ ਸਿੰਘ (ਰਾਮਗੜ੍ਹ ਸੰਧੂਆਂ)
ਸ਼ੁਭਮ (ਪੁਰਹੀਰਾ)
ਗੁਰਪ੍ਰੀਤ ਸਿੰਘ (ਰਣਜੀਤ ਵਿਹਾਰ)
ਜਨਤ-ਮਨਤ (ਛੇਹਰਟਾ)
ਗੁਰਮੁਖ ਨੂਰ (ਰਣਜੀਤ ਵਿਹਾਰ)
ਸਮਰਥ ਅਹੂਜਾ (ਰਾਜਪੁਰਾ)
ਅਮ੍ਰਿਤ ਖੁਰਾਨਾ (ਜਲੰਧਰ)




## ਜੂਨ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ 25 ਜੂਨ 2018 ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-੭ ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ ਅਗਸਤ 2018 ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ।

15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।



❖ ਡਾ: ਬਾਨੋ ਸਰਤਾਜ

# ਫਰੈਂਕੇਂਸਟੀਨ ਰਹੱਸਮਈ ਅਕਾਸ਼ ਗੰਗਾ

ਵਾਸ਼ਿੰਗਟਨ। ਵਿਗਿਆਨਕਾਂ ਨੇ ਇਕ ਦੁਰਲਭ 'ਫਰੈਂਕੇਂਸਟੀਨ' ਆਕਾਸ਼ ਗੰਗਾ ਖੋਜੀ ਹੈ ਜੋ ਧਰਤੀ ਤੋਂ ਕਰੀਬ 25 ਕਰੋੜ ਪ੍ਰਕਾਸ਼-ਵਰਸ਼ ਦੂਰ ਹੈ ਅਤੇ ਇਹ ਹੋਰ ਆਕਾਸ਼ਗੰਗਾਵਾਂ ਦੇ ਹਿੱਸਿਆਂ ਨਾਲ ਬਣੀ ਹੈ।

ਨਵੇਂ ਅਧਿਅਨ ਵਿੱਚ ਆਕਾਸ਼ਗੰਗਾ 'ਯੂਜੀਸੀ - 1382' ਬਾਰੇ ਨਵੇਂ ਖੁਲਾਸੇ ਕੀਤੇ ਗਏ ਹਨ। ਪਹਿਲਾਂ ਵਿਗਿਆਨਕਾਂ ਦਾ ਮੰਨਣਾ ਸੀ ਕਿ ਹੋਰ ਅਕਾਸ਼ਗੰਗਾਵਾਂ ਦੀ ਤਰ੍ਹਾਂ ਇਹ ਇਕ ਪੁਰਾਣੀ ਅਤੇ ਛੋਟੀ ਅਕਾਸ਼ਗੰਗਾ ਹੈ। ਬਾਅਦ ਵਿੱਚ ਇਸਦਾ ਅਧਿਐਨ ਨਾਸਾ ਦੇ ਟੈਲੀਸਕੋਪ ਰਾਹੀਂ ਕੀਤਾ ਗਿਆ ਅਤੇ ਪਤਾ ਲਗਾ ਕਿ ਇਹ ਆਕਾਸ਼ਗੰਗਾ ਅਨੁਮਾਨ ਤੋਂ 10 ਗੁਣਾਂ ਜ਼ਿਆਦਾ ਵੱਡੀ ਹੈ ਅਤੇ ਹੋਰ ਅਕਾਸ਼ਗੰਗਾਵਾਂ ਦੀ ਤਰ੍ਹਾਂ ਨਹੀਂ ਹੈ। ਇਸ ਦਾ ਅੰਦਰੂਨੀ ਹਿੱਸਾ ਬਾਹਰੀ ਹਿੱਸੇ ਦੀ ਤੁਲਨਾ ਵਿੱਚ ਨਵਾਂ ਹੈ ਅਤੇ ਕੁਝ ਇਸ ਤਰ੍ਹਾਂ ਦਾ ਹੈ ਕਿ ਉਹ ਬਚੇ ਹੋਏ ਹਿੱਸਿਆਂ ਨਾਲ ਬਣਿਆ ਹੈ।

ਅਮਰੀਕਾ ਦੀ 'ਕਾਰਨੇਜੀ ਇੰਸਟੀਟਿਊਸ਼ਨ ਫਾਰ ਸਾਇੰਸ' ਦੇ ਮਾਰਕ ਸੱਬਰਤ ਅਨੁਸਾਰ - 'ਇਹ ਐਨੀ ਨਰਮ ਹੈ ਕਿ ਹੋਰ ਕਿਸੇ ਵੀ ਆਕਾਸ਼ੀ ਗ੍ਰਹਿ ਦੀ ਮਾਮੂਲੀ ਜਿਹੀ ਠੋਕਰ ਵੀ ਇਸ ਦੇ ਟੁਕੜੇ ਕਰ ਦੇਵੇਗੀ। ਸੱਬਤਰ ਅਤੇ ਪੈਂਸਿਲਵਾਨੀਆ ਸਟੇਟ ਯੂਨੀਵਰਸਿਟੀ ਵਿੱਚ ਗ੍ਰੇਜੂਏਟ ਸਟੂਡੈਂਟ ਲੀ ਹੇਜਨ ਨੇ ਤਾਰਿਆਂ ਦੇ ਨਿਰਮਾਣ ਦੀ ਪ੍ਰਕ੍ਰਿਆ ਦਾ ਪਤਾ ਲਾਉਂਦੇ ਸਮੇਂ ਅਚਾਨਕ ਹੀ ਇਸ ਆਕਾਸ਼ ਗੰਗਾ ਨੂੰ ਖੋਜ ਲਿਆ। ਉਹਨਾਂ ਨੇ ਵੇਖਿਆ ਕਿ ਕਰੀਬ 7, 18, 000 ਪ੍ਰਕਾਸ਼ ਵਰਸ਼ ਦੂਰ ਸਥਿਤ 'ਯੂਜੀਸੀ - 1382' ਸਾਡੀ ਆਕਸ਼ਗੰਗਾ 'ਮਿਲਕੀ ਵੇ' ਨਾਲੋਂ ਸੱਤ ਗੁਣਾ ਜ਼ਿਆਦਾ ਚੌੜੀ ਹੈ। ਜ਼ਿਆਦਾਤਰ ਆਕਾਸ਼ਗੰਗਾਵਾਂ ਵਿੱਚ ਅੰਦਰੂਨੀ ਹਿੱਸਾ ਸਭ ਤੋਂ ਪਹਿਲਾਂ ਬਣਦਾ ਹੈ ਜਿਥੇ ਪੁਰਾਣੇ ਤਾਰੇ ਹੁੰਦੇ ਹਨ। ਜਿਵੇਂ -2 ਆਕਾਸ਼ ਗੰਗਾ ਵਿਕਸਿਤ ਹੁੰਦੀ ਜਾਂਦੀ ਹੈ ਇਸਦਾ ਬਾਹਰੀ ਹਿੱਸਾ ਵਿਕਸਿਤ ਹੁੰਦਾ ਜਾਂਦਾ ਹੈ। ਬਾਹਰੀ ਹਿੱਸੇ ਵਿੱਚ ਨਵੇਂ ਤਾਰੇ ਹੁੰਦੇ ਹਨ। ਲੇਕਿਨ 'ਯੂਜੀਸੀ - 1382' ਦੇ ਨਾਲ ਇੰਝ ਨਹੀਂ ਹੈ।



❖ ਵੀਰਪਾਲ ਕੌਰ

# ਗਲਤੀ ਦਾ ਅਹਿਸਾਸ

**ਮੈਂ,** ਸੋਹਣ, ਕਾਲਾ ਤੇ ਨਿੱਕਾ ਬਹੁਤ ਸ਼ਰਾਰਤੀ ਹੁੰਦੇ ਸੀ। ਅਸੀਂ ਹਰ ਰੋਜ਼ ਸਕੂਲ ਦੀ ਛੁੱਟੀ ਤੋਂ ਬਾਅਦ ਲੋਕਾਂ ਦੇ ਘਰਾਂ ਦੇ ਕੁੰਡੇ ਖੜਕਾ ਕੇ ਭੱਜ ਜਾਂਦੇ ਸੀ। ਸਾਨੂੰ ਇੰਜ ਕਰਨ ਵਿਚ ਬਹੁਤ ਮਜ਼ਾ ਆਉਂਦਾ ਸੀ ਪਰ ਲੋਕਾਂ ਨੂੰ ਬਹੁਤ ਪਰੇਸ਼ਾਨੀ ਹੁੰਦੀ ਸੀ। ਨਾਲੇ ਲੋਕਾਂ ਨੇ ਕੁੰਡਾ ਖੋਲ੍ਹਣਾ ਤੇ ਨਾਲੇ ਸਾਨੂੰ ਗਾਲ੍ਹਾਂ ਕੱਢਣੀਆਂ। ਦੇਬੋ ਭੂਆ ਨੇ ਤਾਂ ਸਾਨੂੰ ਨਿਤ ਇਕ ਹੀ ਗੱਲ ਕਹਿਣੀ – ਕੋਈ ਗੱਲ ਨਹੀਂ ਪੁੱਤ , ਜਿੱਦਣ ਤੁਸੀਂ ਮੇਰੇ ਹੱਥ ਲਗ ਗਏ, ਉਸ ਦਿਨ ਮੈਂ ਤੁਹਾਡੀ ਸਾਰੀ ਸ਼ਰਾਰਤ ਬਾਹਰ ਕੱਢ ਦਿਆਂਗੀ।

ਪਰ ਅਸੀਂ ਵੀ ਪੱਕੇ ਢੀਠ ਸੀ। ਭੂਆ ਨੂੰ ਜੀਭ ਦਿਖਾ ਕੇ ਅਸੀਂ ਭੱਜ ਜਾਂਦੇ ਸੀ। ਭੂਆ ਸਾਡੇ ਪਿੱਛੇ ਡੰਡਾ ਲੈ ਕੇ ਪੈ ਜਾਂਦੀ। ਇਕ ਦਿਨ ਦੇਬੋ ਭੂਆ ਨੇ ਸਾਡੇ ਉਪਰ ਨਜ਼ਰ ਰੱਖੀ। ਜਦੋਂ ਅਸੀਂ ਉਨ੍ਹਾਂ ਦੇ ਗੁਆਂਢੀਆਂ ਦਾ ਕੁੰਡਾ ਖੜਕਾਇਆ ਤਾਂ ਦੇਬੋ ਭੂਆ ਕੁੰਡੇ ਦਾ ਖੜਕਾ ਸੁਣ ਕੇ ਚੌਕੰਨੀ ਹੋ ਗਈ। ਉਹ ਡੰਡਾ ਲੈ ਕੇ ਬੂਹੇ ਦੇ ਉਹਲੇ ਖੜ ਗਈ। ਇਸ ਗੱਲ ਦਾ ਸਾਨੂੰ ਨਹੀਂ ਪਤਾ ਸੀ। ਜਦੋਂ ਅਸੀਂ ਉਹਨਾਂ ਦਾ ਕੁੰਡਾ ਖੜਕਾਉਣ ਲੱਗੇ ਤਾਂ ਸਾਥੋਂ ਪਹਿਲਾਂ ਭੂਆ ਨੇ ਦਰਵਾਜ਼ਾ ਖੋਲ੍ਹ ਦਿੱਤਾ।

ਨਿੱਕਾ ਤੇ ਕਾਲਾ ਤਾਂ ਭੱਜ ਗਏ ਪਰ ਮੈਨੂੰ ਤੇ ਸੋਹਣ ਨੂੰ ਭੂਆ ਨੇ ਫੜ ਲਿਆ। ਸਾਨੂੰ ਬਹੁਤ ਮਾਰ ਪਈ। ਅਸੀਂ ਭੂਆ ਦੀਆਂ ਬਹੁਤ ਮਿੰਨਤਾਂ ਕੀਤੀਆਂ ਕਿ ਸਾਨੂੰ ਛੱਡ ਦਉ ਅੱਗੇ ਤੋਂ ਕਿਸੇ ਦਾ ਕੁੰਡਾ ਨਹੀਂ ਖੜਕਾਵਾਂਗੇ। ਭੂਆ ਨੇ ਕਿਹਾ – ਅੱਜ ਮੈਂ ਤਾਂ ਹੀ ਛਡਾਂਗੀ ਜੇ ਕਦੇ ਕੁੰਡਾ ਨਾ ਖੜਕਾਉਗੇ !

ਉਸ ਦਿਨ ਭੂਆ ਨੇ ਸਾਨੂੰ ਬਹੁਤ



ਕੁੱਟਿਆ ਤੇ ਚੰਗਾ ਸਬਕ ਸਿਖਾਇਆ। ਅਸੀਂ ਸਕੂਲ ਦੀ ਛੁੱਟੀ ਹੋਣ ਤਕ ਸਕੂਲ ਦੇ ਨੇੜੇ ਇਕ ਛੱਪੜ ਕੰਢੇ ਹੀ ਬੈਠੇ ਰਹਿਣਾ। ਇਕ ਦਿਨ ਭੂਆ ਨੇ ਸਾਨੂੰ ਉਥੇ ਬੈਠਿਆਂ ਦੇਖ ਲਿਆ ਪਰ ਅਸੀਂ ਭੂਆ ਨੂੰ ਨਹੀਂ ਦੇਖਿਆ, ਨਹੀਂ ਤਾਂ ਅਸੀਂ ਉਥੋਂ ਭੱਜ ਜਾਣਾ ਸੀ। ਭੂਆ ਹੌਲੀ-ਹੌਲੀ ਸਾਡੇ ਕੋਲ ਆਈ ਅਤੇ ਮੇਰੇ ਮੋਢੇ ਤੇ ਹੱਥ ਰੱਖ ਕੇ ਕਹਿਣ ਲੱਗੀ - ਤੁਸੀਂ ਸਕੂਲ ਕਿਉਂ ਨਹੀਂ ਜਾਂਦੇ?

ਭੂਆ ਸਾਨੂੰ ਕਹਿੰਦੀ - ਪੁੱਤ ਡਰੋ ਨਾ, ਅੱਜ ਮੈਂ ਤੁਹਾਨੂੰ ਮਾਰਨ-ਕੁੱਟਣ ਨਹੀਂ ਆਈ, ਬਲਕਿ ਮੈਂ ਤਾਂ ਅੱਜ ਤੁਹਾਨੂੰ ਸਮਝਾਉਣ ਆਈ ਹਾਂ। ਦੇਖੋ ਬੱਚਿਉ ! ਤੁਹਾਡੇ ਲਈ ਇਹ ਇਕ ਸ਼ਰਾਰਤ ਹੈ ਪਰ ਦੂਜੇ ਲੋਕਾਂ ਲਈ ਇਕ ਪਰੇਸ਼ਾਨੀ ਹੈ। ਕਈ ਘਰਾਂ ਵਿਚ ਬੀਮਾਰ ਬਜ਼ੁਰਗ ਹੁੰਦੇ ਹਨ, ਜੋ ਉਠੱ ਕੇ ਕੁੰਡਾ ਨਹੀਂ ਖੋਲ ਸਕਦੇ। ਉਨ੍ਹਾਂ ਨੂੰ ਕਿੰਨੀ ਪਰੇਸ਼ਾਨੀ ਹੁੰਦੀ ਹੈ। ਔਰਤਾਂ ਵਿਚਾਰੀਆਂ ਘਰਾਂ ਦਾ ਕੰਮ ਨਿਬੇੜ ਕੇ, ਥੱਕ ਹਾਰ ਕੇ ਲੇਟਦੀਆਂ ਹਨ ਤੇ ਛੋਟੇ ਬੱਚਿਆਂ ਨੂੰ ਸੁਲਾਉਂਦੀਆਂ ਹਨ। ਤੁਸੀਂ ਦੁਪਹਿਰ ਵੇਲੇ ਕੁੰਡਾ ਖੜਕਾ ਕੇ ਉਨਾਂ ਨੂੰ ਪਰੇਸ਼ਾਨ ਕਰਦੇ ਹੋ। ਛੋਟੇ ਬੱਚੇ ਸ਼ਰਾਰਤਾਂ ਕਰਦੇ ਬਹੁਤ ਸੋਹਣੇ ਲਗਦੇ ਹਨ ਪਰ ਉਹ ਸ਼ਰਾਰਤ ਕਿਸੇ ਨੂੰ ਨਹੀਂ ਚੰਗੀ ਲਗਦੀ ਜੋ ਕਿਸੇ ਲਈ ਪਰੇਸ਼ਾਨੀ ਬਣ ਜਾਵੇ।'

ਭੂਆ ਦੀਆਂ ਗੱਲਾਂ ਨੇ ਸਾਡੇ ਕੰਨ ਖੋਲ੍ਹ ਦਿੱਤੇ ਤੇ ਸਾਨੂੰ ਸਾਡੀ ਗਲਤੀ ਦਾ ਅਹਿਸਾਸ ਹੋਇਆ। ਅਸੀਂ ਚਾਰੇ ਦੋਸਤਾਂ ਨੇ ਭੂਆ ਕੋਲੋਂ ਆਪਣੀ ਗਲਤੀ ਦੀ ਮੁਆਫੀ ਮੰਗੀ ਤੇ ਅੱਗੇ ਤੋਂ ਅਜਿਹੀ ਗਲਤੀ ਨਾਂ ਕਰਨ ਦੀ ਸਹੁੰ ਖਾਧੀ। ■

## ਸਧਾਰਣ ਗਿਆਨ ਪ੍ਰਸ਼ਨੋਤਰੀ ਦੇ ਉੱਤਰ

1) ਉਤਰਾਖੰਡ 2) ਨਿਊਜ਼ੀਲੈਂਡ
3) ਸੋਡੀਅਮ ਕਲੋਰਾਈਡ 4) ਇੰਗਲੈਂਡ
5) ਝਾਰਖੰਡ 6) ਮੈਡ੍ਰਿਡ 7) ਬਾਲ ਕਾਂਡ
8) ਨਿਊਜ਼ੀਲੈਂਡ 9) ਹੀਰਾ ਕੁੰਡ
10) ਥਾਈਲੈਂਡ 11) ਰਾਜਗੜ 12) ਏਲਫ੍ਰੇਡ
13) ਫਿਨਲੈਂਡ 14) ਝਾਰਖੰਡ
15) ਕਾਰਬਨ ਡਾਇਆਕਸਾਈਡ

# ਕਦੇ ਨਾ ਭੁੱਲੋ

- ਮਿਲਵਰਤਣ ਦੀ ਭਾਵਨਾ ਅਪਨਾ ਕੇ ਪਿਆਰ ਦੀ ਦੁਨੀਆਂ ਵਸਾਈਏ।
- ਇਨਸਾਨ ਪ੍ਰੇਮ ਦੀ ਭਾਸ਼ਾ ਸਿਖ ਲਏ ਤਾਂ ਵੈਰ-ਨਫਰਤ ਦਾ ਕੋਈ ਭਾਵ ਨਹੀਂ ਰਹੇਗਾ।
- ਪਿਆਰ-ਨਿਮਰਤਾ ਗੁਰਸਿਖ ਦੀ ਪਹਿਲੀ ਨਿਸ਼ਾਨੀ ਹੈ।
- ਸੇਵਾ ਉਹ ਮਿੱਠਾ ਗੁੜ ਹੈ ਜਿਸ ਦਾ ਆਨੰਦ ਖਾਣ ਵਾਲਾ ਹੀ ਲੈ ਸਕਦਾ ਹੈ।

– ਸਤਿਗੁਰੂ ਮਾਤਾ ਸਵਿੰਦਰ ਹਰਦੇਵ ਜੀ ਮਹਾਰਾਜ

- ਜਿਨ੍ਹਾਂ ਅੰਦਰ ਨਿਮਰਤਾ ਨਹੀਂ ਆਉਂਦੀ, ਉਹ ਵਿਦਿਆ ਦਾ ਪੂਰਾ ਸਦਉਪਯੋਗ ਨਹੀਂ ਕਰ ਸਕਦੇ।
- ਜੋ ਵਿਅਕਤੀ ਅਸਿਖਿਅਤ ਹੈ, ਉਹ ਗਰੀਬ ਹੈ।

– ਚਾਣਕਯ

- ਬੁਰਾਈ ਦੇ ਸਾਹਮਣੇ ਝੁਕਣਾ ਕਾਇਰਤਾ ਹੈ।
- ਨਿਰਾਸ਼ਾ ਸੰਭਵ ਨੂੰ ਅਸੰਭਵ ਬਣਾ ਦਿੰਦੀ ਹੈ।

– ਸੁਭਾਸ਼ਚੰਦਰ ਬੋਸ

- ਇਮਾਨਦਾਰ ਦਾ ਹਰ ਕੰਮ ਖੁਲ੍ਹੇਆਮ ਹੁੰਦਾ ਹੈ।
- ਦਯਾ ਮਨੁੱਖ ਦਾ ਸੁਭਾਵਿਕ ਗੁਣ ਹੈ।

– ਪ੍ਰੇਮਚੰਦ

- ਅਗਰ ਅਸੀਂ ਨਿਰੰਤਰ ਅਭਿਆਸ ਅਤੇ ਕਰਮ ਵਿੱਚ ਲਗੇ ਰਹੀਏ ਤਾਂ ਅਸੀਂ ਜੋ ਚਾਹੀਏ ਉਹ ਕਰ ਸਕਦੇ ਹਾਂ।
- ਜਦ ਕੋਈ ਮਨੁੱਖ ਕਿਸੇ ਦੂਸਰੇ ਦੇ ਦੋਸ਼ਾਂ ਤੇ ਉਂਗਲੀ ਚੁਕਦਾ ਹੈ ਤਾਂ ਉਹਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਬਾਕੀ ਤਿੰਨ ਉਂਗਲੀਆਂ ਉਸ ਵੱਲ ਸੰਕੇਤ ਕਰ ਰਹੀਆਂ ਹਨ।

– ਹੇਲੇਨ ਕੇਲਰ

- ਜਿਸ ਵਿੱਚ ਹਲੀਮੀ ਨਹੀਂ, ਉਹ ਵਿਦਵਾਨ ਨਹੀਂ ਹੈ।
- ਜੋ ਕਿਸੇ ਦਾ ਉਪਕਾਰ ਕਰਨਾ ਨਹੀਂ ਜਾਣਦਾ। ਉਹਨੂੰ ਕਿਸੇ ਪ੍ਰਕਾਰ ਦਾ ਉਪਕਾਰ ਪਾਉਣ ਦਾ ਵੀ ਕੋਈ ਅਧਿਕਾਰ ਨਹੀਂ।
- ਆਪ ਦਾ ਸੱਚਾ ਅਤੇ ਸਭ ਤੋਂ ਚੰਗਾ ਦੋਸਤ ਉਹ ਹੈ ਜੋ ਆਪ ਦੀਆਂ ਕਮਜੋਰੀਆਂ ਦੀ ਦੂਸਰਿਆਂ ਨਾਲ ਚਰਚਾ ਨਹੀਂ ਕਰਦਾ, ਲੇਕਿਨ ਆਪ ਨੂੰ ਸਾਫ਼-ਸਾਫ਼ ਕਹਿ ਦਿੰਦਾ ਹੈ।

– ਆਸ਼ਟਾਵਕਰ

❑ ਸੰਗ੍ਰਹਿਕਰਤਾ : ਡਿੰਪਲਜੀਤ ਰੰਧਾਵਾ

❖ ਪੁਸ਼ਕਰ

# ਪ੍ਰੇਰਣਾ



ਰਾਜੂ ਦਰਵਾਜ਼ੇ ਦੀ ਦਹਿਲੀਜ਼ ਉੱਤੇ ਆ ਕੇ ਬੈਠ ਗਿਆ। ਉਦਾਸ ! ਨਿਰਾਸ਼ ! ਉਸ ਦੀ ਸਾਲਾਨਾ ਪਰੀਖਿਆ ਨੇੜੇ ਸੀ। ਉਹ ਬਹੁਤ ਘਬਰਾ ਰਿਹਾ ਸੀ। ਉਸ ਦਾ ਮਨ ਪਰੀਖਿਆ ਦੇ ਪ੍ਰਤੀ ਨਿਰਾਸ਼ ਹੋ ਰਿਹਾ ਸੀ। ਉਹ ਸੋਚ ਰਿਹਾ ਸੀ - ਕਿਵੇਂ ਪਾਸ ਹੋ ਸਕਾਂਗਾ? ਕੀ ਕਰਾਂਗਾ? ਪਾਸ ਹੋਣ ਦੀ ਕੋਈ ਸੂਰਤ ਨਹੀਂ ਦਿਸਦੀ।

ਰਾਜੂ ਆਪਣੀ ਤਿਮਾਹੀ ਅਤੇ ਛਿਮਾਹੀ ਪਰੀਖਿਆ ਵਿਚ ਦੋ ਦੋ ਵਿਸ਼ਿਆਂ ਵਿਚ ਫੇਲ ਸੀ। ਗਣਿਤ ਅਤੇ ਅੰਗਰੇਜ਼ੀ ਵਿਚ ਉਹ ਕਮਜ਼ੋਰ ਸੀ।

ਉਹ ਸੋਚਣ ਲੱਗਾ ਕਿ ਸੱਤਵੀਂ ਜਮਾਤ ਪਾਰ ਕਰਕੇ ਅੱਠਵੀਂ ਵਿਚ ਕਿਵੇਂ ਆਏਗਾ? ਇਧਰ ਪਾਪਾ ਨੇ ਚੇਤਾਵਨੀ ਦੇ ਦਿੱਤੀ - ਜੇਕਰ ਤੂੰ ਪਾਸ ਨਾ ਹੋਇਆ ਤਾਂ ਤੇਰਾ ਖੇਡਣਾ ਬੰਦ। ਦੋਸਤਾਂ ਨਾਲ ਮਿਲਣਾ ਬੰਦ। ਘੁੰਮਣਾ ਫਿਰਨਾ ਬੰਦ।

ਫਿਰ ਸਭ ਤੋਂ ਵੱਡਾ ਦੁੱਖ ਤਾਂ ਰਾਜੂ ਨੂੰ ਇਹ ਹੋ ਰਿਹਾ ਸੀ ਕਿ ਜੇਕਰ ਉਹ ਪਾਸ ਨਾ ਹੋਇਆ ਤਾਂ ਉਸ ਦੇ ਪਾਪਾ ਉਸ ਨੂੰ ਗਰਮੀਆਂ ਦੀਆਂ ਛੁੱਟੀਆਂ ਵਿਚ ਨੈਨੀਤਾਲ ਅਤੇ ਮੰਸੂਰੀ ਨਹੀਂ ਲੈ ਕੇ ਜਾਣਗੇ। ਇਹ ਸੋਚ ਕੇ ਉਹ ਬਹੁਤ ਦੁਖੀ ਹੋ ਗਿਆ।

ਉਸ ਨੇ ਨਜ਼ਰ ਨੀਵੀਂ ਕਰਕੇ ਇਕ ਗਹਿਰਾ ਸਾਹ ਲਿਆ ਤਾਂ ਉਸ ਦੀ ਨਜ਼ਰ ਇਕ ਕੀੜੀ ਉੱਤੇ ਪਈ। ਇਕ ਵੱਡੇ ਜਿਹੇ ਕੋਕਰੋਚ ਨੂੰ ਉਹ ਖਿਚਦੀ ਹੋਈ ਸੀੜ੍ਹੀ ਉੱਤੇ ਚੜ੍ਹ ਰਹੀ ਸੀ ਪਰ ਬਾਰ ਬਾਰ ਡਿਗ ਜਾਂਦੀ ਸੀ। ਰਾਜੂ ਉਸ ਕੀੜੀ ਨੂੰ ਵੇਖਣ ਲੱਗਾ। ਨਿੱਕੀ ਜਿਹੀ ਕੀੜੀ ਕੋਕਰੋਚ ਨੂੰ ਘਸੀਟਦੀ ਹੋਈ ਦਹਿਲੀਜ਼ ਤੋਂ ਇਕ ਦੋ ਵਾਰ ਡਿਗ ਚੁਕੀ ਸੀ ਪਰੰਤੂ ਤੀਜੀ ਵਾਰ ਉਹ ਸਫਲ ਹੋ ਗਈ ਸੀ। ਰਾਜੂ ਉਸ ਦੀ ਮਿਹਨਤ ਅਤੇ ਸਫਲਤਾ ਉੱਤੇ ਮਨ ਹੀ ਮਨ ਖੁਸ਼ ਸੀ।



ਰਾਜੂ ਦੇ ਮਨ ਵਿਚ ਇਕਦਮ ਹੀ ਵਿਚਾਰ ਆਇਆ - ਜੇਕਰ ਇਕ ਨਿੱਕੀ ਜਿਹੀ ਕੀੜੀ ਆਪਣੀ ਮਿਹਨਤ ਤੇ ਲਗਨ ਨਾਲ ਐਨੇ ਵੱਡੇ ਕੋਕਰੋਚ ਨੂੰ ਸੀੜ੍ਹੀ ਉੱਤੇ ਲੈ ਕੇ ਆ ਸਕਦੀ ਹੈ ਤਾਂ ਮੈਂ ਵੀ ਮਿਹਨਤ ਨਾਲ ਪੜ੍ਹ ਕੇ ਆਪਣੀ ਸਲਾਨਾ ਪਰੀਖਿਆ ਪਾਸ ਕਰ ਸਕਦਾ ਹਾਂ। ਇਸ ਨਾਲ ਪਾਪਾ ਵੀ ਖੁਸ਼ ਹੋ ਜਾਣਗੇ ਅਤੇ ਉਹਨਾਂ ਦੀ ਖੁਸ਼ੀ ਦੇ ਸਹਾਰੇ ਉਹ ਆਪਣੀ ਹਰ ਇੱਛਾ ਪੂਰੀ ਕਰ ਸਕਦਾ ਹੈ। ਰਾਜੂ ਖੁਸ਼ੀ ਨਾਲ ਝੂਮ ਉਠਿਆ ਅਤੇ ਤੇਜ਼ੀ ਨਾਲ ਆਪਣੇ ਕਮਰੇ ਵਿਚ ਪੜ੍ਹਨ ਲਈ ਚਲ ਪਿਆ ਜਿੱਥੇ ਉਸ ਦੀਆਂ ਪੁਸਤਕਾਂ ਉਸ ਦਾ ਇੰਤਜ਼ਾਰ ਕਰ ਰਹੀਆਂ ਸੀ। ਖੂਬ ਮਿਹਨਤ ਕਰਕੇ ਉਹ ਚੰਗੇ ਨੰਬਰ ਲੈ ਕੇ ਪਾਸ ਵੀ ਹੋ ਗਿਆ।

❖ ਮਦਨ ਰਾਣਾ

# ਫਰੂਟ ਚਾਟ

ਅੰਗੂਰ ਸੇਬ ਕੇਲੇ ਦੀ ਚਾਟ ਬੜੀ ਖਾਸ ਏ
ਅਮਰੂਦ ਮੈਂਗੋ ਚੀਕੂ ਦੀ ਆਪਣੀ ਮਿਠਾਸ ਏ।


ਕਾਂਟ-ਛਾਂਟ ਕਰਕੇ ਛੋਟੇ-ਛੋਟੇ ਪੀਸ ਕਰੋ,
ਲੋੜ ਜਿਨੀ ਖਾਉ ਬਹੁਤਾ ਨਾ ਪੇਟ ਭਰੋ।
ਚਾਟ ਨਹੀਂ ਮਿਲੀ ਤਾਂ ਦੋਸਤ ਉਦਾਸ ਏ।
ਅੰਗੂਰ...



ਨਾਖਾਂ ਨੂੰ ਚਾਟ ਦਾ ਹਿੱਸਾ ਜੇ ਬਣਾ ਲਈਏ,
ਆੜੂ ਤੇ ਅੰਗੂਰ ਕਾਲੇ, ਹਰੇ ਵੀ ਰਲਾ ਲਈਏ।
ਕਿਉਂਕਿ ਹੁਣ ਚਾਟ-ਮਸਾਲਾ ਆਸ-ਪਾਸ ਏ।
ਅੰਗੂਰ...

ਕੀਨੂੰ ਅਤੇ ਸੰਗਤਰਾ ਬੜਾ ਗੁਣਕਾਰੀ ਏ,
ਕਹਿੰਦੇ ਨੇ ਸਿਆਣੇ ਪਪੀਤਾ ਲਾਭਕਾਰੀ ਏ।
ਸੋਨੇ ਤੇ ਸੁਹਾਗਾ ਵਿਚ ਰਲੀ ਅਨਾਨਾਸ ਏ।
ਅੰਗੂਰ...

ਫਲਾਂ ਤੋਂ ਫਰੂਟ ਚਾਟ 'ਮਦਨ' ਬਣਾਉਂਦੇ ਨੇ,
'ਰਾਣੇ' ਕਵਿਤਾ ਦੇ ਰਾਹੀਂ ਸਾਨੂੰ ਸਮਝਾਉਂਦੇ ਨੇ।
ਕੱਠੇ ਸਾਰੇ ਫਲ ਜਿਦਾਂ ਨਹੁੰਆਂ ਨਾਲ ਮਾਸ ਏ।
ਅੰਗੂਰ...



# ਰਾਕੇਟ ਵਿਗਿਆਨਿਕ 'ਡਾ. ਵਿਕਰਮ ਸਾਰਾਭਾਈ'



ਡਾ. ਵਿਕਰਮ ਸਾਰਾਭਾਈ ਨੂੰ ਭਾਰਤੀ ਸਪੇਸ ਸਾਇੰਸ ਦਾ ਪਿਤਾ ਕਿਹਾ ਜਾਂਦਾ ਹੈ। ਉਹ ਪਹਿਲੇ ਰਾਸ਼ਟਰਪਤੀ ਏ.ਪੀ.ਜੇ. ਅਬਦੁਲ ਕਲਾਮ ਦੇ ਗੁਰੂ ਸਨ ਅਤੇ ਉਹਨਾਂ ਦੀਆਂ ਕੋਸ਼ਿਸ਼ਾਂ ਨਾਲ ਹੀ ਭਾਰਤ ਵਿਚ ਕੇਬਲ ਟੇਲੀਵੀਜਨ ਆਇਆ ਅਤੇ ਉਹ ਇੰਡੀਅਨ ਇੰਸਟੀਟਿਊਟ ਆਫ ਮੈਨੇਜਮੈਂਟ, ਅਹਿਮਦਾਬਾਦ ਦੇ ਸੰਸਥਾਪਕਾਂ ਵਿਚੋਂ ਇਕ ਸਨ। ਡਾ. ਵਿਕਰਮ ਸਾਰਾਭਾਈ ਦਾ ਜਨਮ ਅਹਿਮਦਾਬਾਦ ਵਿਚ ਸੰਨ 1919 ਨੂੰ ਹੋਇਆ ਸੀ। ਉਹਨਾਂ ਦਾ ਖਾਨਦਾਨ ਭਾਰਤ ਦੇ ਸੁਤੰਤਰਤਾ ਅੰਦੋਲਨ ਨਾਲ ਜੁੜਿਆ ਹੋਇਆ ਸੀ।

ਵਿਕਰਮ ਪੜਾਈ ਵਿਚ ਬਹੁਤ ਚੰਗੇ ਸਨ ਅਤੇ ਉਹਨਾਂ ਨੇ ਕੈਂਬ੍ਰਿਜ ਤੋਂ ਪ੍ਰਾਕਿਰਤਿਕ ਵਿਗਿਆਨ ਦੀ ਸਿਖਿਆ ਪ੍ਰਾਪਤ ਕੀਤੀ। ਦੂਜਾ ਵਿਸ਼ਵ ਯੁਧ ਸ਼ੁਰੂ ਹੋਣ ਤੇ ਉਹ ਆਪਣੇ ਵਤਨ ਵਾਪਸ ਪਹੁੰਚ ਗਏ। ਨੋਬਲ ਪੁਰਸਕਾਰ ਵਿਜੇਤਾ ਸਰ ਸੀ.ਵੀ ਰਮਣ ਦੀ ਨਿਗਰਾਨੀ ਵਿਚ ਉਹ ਇੰਡੀਅਨ ਇੰਸਟੀਊਟ ਆਫ ਸਾਇੰਸ, ਬੰਗਲੋਰ ਵਿਚ ਸ਼ੋਧ ਕਰਨ ਲੱਗ ਪਏ। ਉਹ ਇਸ ਨਤੀਜੇ ਤੇ ਪਹੁੰਚੇ ਕਿ ਮੌਸਮ ਦਾ ਪ੍ਰਭਾਵ ਪੂਰੀ ਤਰ੍ਹਾਂ ਨਾਲ ਕਿਰਣਾਂ ਦੀ ਦੈਨਿਕ ਕਿਰਿਆ ਨੂੰ ਪ੍ਰਭਾਵਿਤ ਨਹੀਂ ਕਰਦਾ ਹੈ। 28 ਸਾਲ ਦੀ ਉਮਰ ਵਿਚ ਡਾ. ਸਾਰਾਭਾਈ ਨੇ ਫਿਜੀਕਲ ਰਿਸਰਚ ਲੈਬ ਬਣਾਇਆ। ਉਸ ਸਾਲ ਭਾਰਤ ਨੂੰ ਆਜਾਦੀ ਮਿਲੀ ਸੀ। ਇਹ ਲੈਬ ਭਾਰਤ ਵਿਚ ਸਪੇਸ ਸਾਇੰਸ ਦਾ ਪਾਲਣਾ ਸਮਝਿਆ ਜਾਂਦਾ ਹੈ। ਬਲਾਈਂਡ ਮੈੱਮ ਐਸੋਸੀਏਸ਼ਨ ਦੀ ਮਦਦ ਨਾਲ ਇੰਡੀਅਨ ਇੰਸਟੀਟਯੂਟ ਆਫ ਮੈਨੇਜਮੈਂਟ ਅਹਿਮਦਾਬਾਦ ਸਥਾਪਿਤ ਹੋਇਆ। ਉਹਨਾਂ ਨੇ ਹੀ ਚੇਨਈ ਦੇ ਨੇੜੇ ਫਾਸਟ ਬ੍ਰੀਡਰ ਟੈਸਟ ਰਿਏਕਟਰ ਸਥਾਪਿਤ ਕੀਤਾ। ਡਾ. ਸਾਰਾਭਾਈ ਨੇ ਕਲਾਸੀਕਲ ਡਾਂਸਰ ਅਤੇ ਕੋਰਿਉਗ੍ਰਾਫਰ ਮ੍ਰਿਣਾਲਿਨੀ ਨਾਲ ਵਿਆਹ ਕੀਤਾ। ਦੋਹਾਂ ਨੇ ਮਿਲ ਕੇ ਅਹਿਮਦਾਬਾਦ ਵਿਚ ਦਰਪਣ ਅਕਾਦਮੀ ਆਫ ਪਰਫੋਰਮਿੰਗ ਆਰਟਸ ਸ਼ੁਰੂ ਕੀਤੀ। ਡਾ. ਸਾਰਾਭਾਈ ਦੇ ਨਾਸਾ ਨਾਲ ਸੰਬੰਧ ਦੇ ਕਾਰਣ ਹੀ 1975 ਵਿਚ ਸੈਟੇਲਾਈਟ ਇੰਸਟ੍ਰਕਸ਼ਨਲ ਟੀ ਵੀ ਐਕਸਪੇਰੀਮੈਂਟ (ਸਾਈਟ) ਸਥਾਪਿਤ ਹੋਇਆ, ਜਿਸ ਨੇ ਦੇਸ਼ ਵਿਚ ਕੇਬਲ ਟੇਲੀਵੀਜਨ ਲਈ ਰਾਹ ਵਿਖਾਇਆ।

ਹੋਮੀ ਭਾਭਾ ਨੇ ਤਿਰੂਵਨੰਤਪੁਰਮ ਦੇ ਨੇੜੇ ਪਹਿਲਾ ਰਾਕੇਟ ਲਾਂਚ ਸਟੇਸ਼ਨ ਸਥਾਪਿਤ ਕਰਨ ਵਿਚ ਉਹਨਾਂ ਦਾ ਸਹਿਯੋਗ ਕੀਤਾ। ਭਾਭਾ ਦੀ 1966 ਵਿਚ ਅਚਾਨਕ ਹਵਾਈ ਹਾਦਸੇ ਵਿਚ ਮੌਤ ਦੇ ਬਾਅਦ ਸਾਰਾਭਾਈ ਪਰਮਾਣੂ ਊਰਜਾ ਆਯੋਗ ਦੇ ਪਰਮੁਖ ਬਣੇ। ਪਹਿਲਾ ਭਾਰਤੀ ਉਪਗ੍ਰਹਿ 'ਆਰੀਆਭੱਟ' ਨੂੰ 1975 ਵਿਚ ਆਰਬਿਟ ਵਿਚ ਭੇਜਿਆ ਗਿਆ।


ਦਿਲਚਸਪ ਇਹ ਹੈ ਕਿ ਇਹਨਾਂ ਵਿਗਿਆਨਕਾਂ ਨੇ ਇਕ ਚਰਚ ਨੂੰ ਆਪਣਾ ਹੈਡ ਆਫਿਸ ਬਣਾਇਆ। 52 ਸਾਲ ਦੀ ਉਮਰ ਵਿਚ ਕੋਵਲਮ ਦੇ ਨੇੜੇ ਇਕ ਰਿਸੋਰਟ ਵਿਚ ਡਾ. ਸਾਰਾਭਾਈ ਦਾ ਦੇਹਾਂਤ ਹੋ ਗਿਆ। ਉਹਨਾਂ ਨੂੰ ਆਪਣੇ ਜੀਵਨ ਕਾਲ ਵਿਚ ਪਦਮ ਭੂਸ਼ਣ ਅਤੇ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ ਸੀ।

❖ ਡਾ.ਕੇ.ਪੀ.ਸਿੰਘ




# ਦਾਦਾ ਜੀ

ਚਿਤੱਰਕਾਰੀ ਅਤੇ ਲੇਖਕ - ਅਜੈ ਕਾਲੜਾ




ਬੱਕਰੀ ਨੂੰ ਹੁਣ ਖਾਣ ਲਈ ਭਰਪੂਰ ਮਿਲਦਾ ਸੀ। ਭਰਪੇਟ ਖਾਣਾ ਖਾਣ ਨਾਲ ਬੱਕਰੀ ਤੰਦਰੁਸਤ ਅਤੇ ਮੋਟੀ- ਤਾਜ਼ੀ ਹੋ ਗਈ ਸੀ।
ਇਕ ਦਿਨ ਸ਼ਿਕਾਰੀ ਉਸ ਜੰਗਲ ਵਿੱਚ ਆਇਆ
ਵਾਹ ! ਇੰਨੀ ਮੋਟੀ ਬੱਕਰੀ ਇਸ ਜੰਗਲ ਵਿੱਚ।
ਸ਼ਿਕਾਰੀ ਬੱਕਰੀ ਦੇ ਪਿੱਛੇ ਭੱਜਿਆ ਤਾਂ ਬੱਕਰੀ ਜਾਨ ਬਚਾਉਣ ਲਈ ਭੱਜੀ।
ਮਹੇਂ ਮਹੇਂ !
ਕਿੰਨੀ ਦੂਰ ਭੱਜੇਂਗੀ ਮੇਰੇ ਤੋਂ?


ਬੱਕਰੀ ਐਨੀ ਮੋਟੀ ਹੋ ਗਈ ਸੀ ਕਿ ਉਸ ਤੋਂ ਤੇਜ਼ ਭੱਜਿਆ ਨਹੀਂ ਜਾ ਰਿਹਾ ਸੀ।
ਹੇ ਭਗਵਾਨ! ਇਹ ਆਦਮੀ ਤਾਂ ਮੇਰਾ ਪਿੱਛਾ ਕਰਦੇ-ਕਰਦੇ ਮੇਰੇ ਐਨਾ ਨੇੜੇ ਆ ਗਿਆ।
ਤਦ ਬੱਕਰੀ ਨੂੰ ਚੌੜੇ ਪੱਤਿਆਂ ਵਾਲਾ ਇਕ ਘਣਾ ਜਿਹਾ ਝਾੜੀਨੁਮਾ ਰੁੱਖ ਨਜ਼ਰ ਆਇਆ। ਉਸ ਨੇ ਸੋਚਿਆ ਅਗਰ ਮੈਂ ਇਸਦੇ ਪਿੱਛੇ ਲੁੱਕ ਜਾਵਾਂ ਤਾਂ ਉਹ ਮੈਨੂੰ ਦੇਖ ਨਹੀਂ ਸਕੇਗਾ। ਮੇਰੇ ਤੋਂ ਹੁਣ ਹੋਰ ਭੱਜਿਆ ਨਹੀਂ ਜਾਂਦਾ।
ਸ਼ਿਕਾਰੀ ਬੱਕਰੀ ਨੂੰ ਵੇਖ ਨਹੀ ਸਕਿਆ। ਉਹ ਉਹਨੂੰ ਲੱਭਦਾ ਹੋਇਆ ਅੱਗੇ ਚਲਾ ਗਿਆ।
ਰੁੱਖ ਦੇ ਵੱਡੇ ਅਤੇ ਹਰੇ-ਹਰੇ ਪੱਤੇ ਵੇਖ ਕੇ ਬੱਕਰੀ ਦਾ ਮਨ ਲਲਚਾ ਗਿਆ ਅਤੇ ਉਸ ਨੇ ਸੋਚਿਆ 'ਅੱਜ ਮੈਂ ਇਹੀ ਖਾ ਲੈਂਦੀ ਹਾਂ।'


ਬੱਕਰੀ ਨੇ ਪੱਤੇ ਖਾਣੇ ਸ਼ੁਰੂ ਕਰ ਦਿੱਤੇ।
ਅੱਜ ਤਾਂ ਮਜ਼ਾ ਆ ਗਿਆ।
ਇਸਦਾ ਨਤੀਜਾ ਇਹ ਹੋਇਆ ਕਿ ਪੱਤੇ ਘੱਟ ਹੋਣ ਦੇ ਕਾਰਣ ਥੋੜੀ ਦੇਰ ਬਾਦ ਹੀ ਬੱਕਰੀ ਨਜ਼ਰ ਆਉਣ ਲੱਗੀ। ਸ਼ਿਕਾਰੀ ਬੱਕਰੀ ਨੂੰ ਲੱਭਦੇ ਹੋਏ ਉਧਰ ਆ ਗਿਆ ਅਤੇ ਉਸ ਨੇ ਬੱਕਰੀ ਨੂੰ ਵੇਖ ਲਿਆ।
ਓਹ! ਤੂੰ ਇਥੇ ਲੁਕ ਗਈ ਸੀ। ਹੁਣ ਤਾਂ ਮੈਂ ਤੈਨੂੰ ਫੜ ਕੇ ਹੀ ਰਹਾਂਗਾ।
ਬੱਕਰੀ ਦੇ ਖਾਣ ਨਾਲ ਪੱਤੇ ਘੱਟ ਹੋ ਗਏ ਅਤੇ ਸ਼ਿਕਾਰੀ ਨੇ ਉਹਨੂੰ ਵੇਖ ਲਿਆ ਅਤੇ ਉਹ ਉਹਨੂੰ ਫੜ ਕੇ ਲੈ ਤੁਰਿਆ।
ਹਾਏ! ਮੈਂ ਇਹ ਕੀ ਕੀਤਾ? ਜਿਸ ਨੇ ਮੈਨੂੰ ਆਸਰਾ ਦਿਤਾ ਮੈਂ ਉਸੇ ਦਾ ਨੁਕਸਾਨ ਕੀਤਾ ਅਤੇ ਆਪਣੇ ਲਾਲਚ ਦੇ ਕਾਰਣ ਫੜੀ ਗਈ।
ਸਿਖਿਆ :- ਕਦੇ ਆਪਣੇ ਆਸਰਾ ਦੇਣ ਵਾਲੇ ਦੀ ਹਾਨੀ ਨਹੀਂ ਕਰਨੀ ਚਾਹੀਦੀ।

# ਬੁੱਧੀ ਦੀ ਪਰਖ

## ਅੰਤਰ ਪਛਾਣੋਂ...





kids Nirankari
spiritual dreamland for kids

# Spiritual Zone for kids



With the blessings of His Holiness Experience online spiritual learning with exciting and fun features highlights our mission's message. Visit regularly to watch tiny tots excelling in the spiritual journey.

**kids.nirankari.org**

- His Holiness Message
- Glimpse of Blessing
- Message in colors
- Poetry Fantasy
- Wacky and True
- Fun Games
- Hansti Duniya
- Kids Creation
- Kids Activities
- Jokes
- Avtar Vani
- Story Time

**Share** your talent in form of painting, poetry & story



Registered with the
Registrar of Newspaper
For India Under RNI No. 32345/77

Delhi Postal Regd. No. G-3/DL (N)/137/2018-20
Licence No. U (DN)-60/2018-20
Licenced to post without Pre-payment




# ਨਿਰੰਕਾਰੀ ਪਤ੍ਰ-ਪਤ੍ਰਕਾਵਾਂ ਪੜ੍ਹੋ ਅਤੇ ਪੜ੍ਹਾਓ !

| ਸੰਤ ਨਿਰੰਕਾਰੀ | ਏਕ ਨਜ਼ਰ | ਹੰਸਤੀ ਦੁਨੀਆ |
|---|---|---|
| (ਗਿਆਰਾਂ ਭਾਸ਼ਾਵਾਂ ਵਿਚ) | (ਤਿੰਨ ਭਾਸ਼ਾਵਾਂ ਵਿਚ) | (ਚਾਰ ਭਾਸ਼ਾਵਾਂ ਵਿੱਚ) |

'ਸੰਤ ਨਿਰੰਕਾਰੀ' 'ਹੰਸਤੀ ਦੁਨੀਆ (ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ) ਅਤੇ 'ਏਕ ਨਜ਼ਰ' (ਹਿੰਦੀ ਅਤੇ ਪੰਜਾਬੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ
ਪਤ੍ਰਿਕਾ ਵਿਭਾਗ, ਨਿਰੰਕਾਰੀ ਕੰਪਲੈਕਸ, ਨਿਰੰਕਾਰੀ ਸਰੋਵਰ ਦੇ ਨੇੜੇ

PH. 011–47660200, E-mail : patrika@nirankari.org

**ਸੰਤ ਨਿਰੰਕਾਰੀ, ਹੰਸਤੀ ਦੁਨੀਆ, ਏਕ ਨਜ਼ਰ (ਮਰਾਠੀ) ਅਤੇ ਸੰਤ ਨਿਰੰਕਾਰੀ (ਨੇਪਾਲੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ**

**Sant Nirankari Satsang Bhawan**
**1st Floor, 50, Morbag Road, Naigaon, Dadar (E) MUMBAI-400 014 (Mah.)**
e-mail : chandunirankari@yahoo.com & marathi@nirankari.org

**ਹੋਰ ਭਾਸ਼ਾਵਾਂ ਦੀਆਂ ਪਤ੍ਰਕਾਵਾਂ ਦਾ ਮੈਂਬਰ ਬਣਨ ਲਈ ਹੇਠ ਲਿਖੇ ਅਨੁਸਾਰ ਸੰਪਰਕ ਕਰੋ**

**TAMIL**
Sant Nirankari Satsang Bhawan, #7, Govindan Street, Ayavoo Naidu Colony, Aminji Karai, CHENNAI-600 029 (T.N.)
Ph. 04423740830

**ORIYA**
Sant Nirankari Satsang Bhawan, Kazidiha, Post Madhupatna, CUTTACK-753 010 (Orissa)
Ph. 0671-2341250

**TELUGU**
Sant Nirankari Satsang Bhawan, No. 6-2-970, Khairtabad, HYDERABAD-Pin : 500 029
Ph. 0104-23317879

**GUJRATI**
Sant Nirankari Satsang Bhawan, 1st Floor, 50, Morbag Road, Naigaon, Dadar (E) MUMBAI -400 014 (Mah.)
Ph. 22-24102047

**KANNADA**
Sant Nirankari Satsang Bhawan, 88, Rattanvillas Road, Southend Circle, Basavangudi, BENGALURU-560 004 (Karnataka)
Ph. 080-26577212

**BANGLA**
Sant Nirankari Satsang Bhawan, 884,G.T. Road, Laxmipur-2 East Bardhman—713101
Ph. 0342-2657219

**ਪਤ੍ਰ-ਪਤ੍ਰਕਾਵਾਂ ਦੇ ਪ੍ਰਸਾਰ ਅਭਿਆਨ ਵਿਚ ਯੋਗਦਾਨ ਦੇ ਕੇ ਸਤਿਗੁਰੂ ਮਾਤਾ ਜੀ ਦੇ ਅਸ਼ੀਰਵਾਦ ਦੇ ਪਾਤਰ ਬਣੋ।**

Posted at NDPSO Prescribed dates 23rd & 24th. Date of Publication: 17th & 18th (Advance Month)